Punjab Government Gazette

**EXTRAORDINARY**

*Published by Authority*

CHANDIGARH, TUESDAY, SEPTEMBER 9, 2025
(BHADRA 18, 1947 SAKA)

ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| ਭਾਗ I | ਐਕਟ | |
| | 1. ਚਿਤਕਾਰਾ ਯੂਨੀਵਰਸਿਟੀ ਐਕਟ, 2010 (2010 ਦਾ ਪੰਜਾਬ ਐਕਟ ਨੰ. 23) | ...447-468 |
| | 2. ਅੰਮ੍ਰਿਤਸਰ ਚਾਰਦੀਵਾਰੀ ਵਾਲਾ ਸ਼ਹਿਰ (ਵਰਤੋਂ ਦੀ ਮਾਨਤਾ) ਐਕਟ, 2016 (2016 ਦਾ ਪੰਜਾਬ ਐਕਟ ਨੰ. 13) | ...469-478 |
| ਭਾਗ II | ਆਰਡੀਨੈਂਸ | |
| | *ਕੋਈ ਨਹੀਂ* | |
| ਭਾਗ III | ਅਧੀਨ ਵਿਧਾਨਕਾਰੀ | |
| | *ਕੋਈ ਨਹੀਂ* | |
| ਭਾਗ IV | ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ | |
| | *ਕੋਈ ਨਹੀਂ* | |

———

**ਭਾਗ–I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 9 ਸਤੰਬਰ, 2025

ਨੰ: 34/ਭ.ਕ./2025.– ਚਿਤਕਾਰਾ ਯੂਨੀਵਰਸਿਟੀ ਐਕਟ, 2010 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 9th September, 2025

**No. 34/L.C./2025.**- The Translation in Punjabi of the Chitkara University Act, 2010 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਚਿਤਕਾਰਾ ਯੂਨੀਵਰਸਿਟੀ ਐਕਟ, 2010

(2010 ਦਾ ਪੰਜਾਬ ਐਕਟ ਨੰ: 23)

ਪੰਜਾਬ ਰਾਜ ਵਿੱਚ ਪੇਸ਼ੇਵਰ, ਡਾਕਟਰੀ, ਤਕਨੀਕੀ, ਉਚੇਰੀ ਅਤੇ ਆਮ ਸਿੱਖਿਆ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਸਮੇਤ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ, ਅਧਿਆਪਨ, ਵਿੱਦਿਆ, ਖੋਜ, ਸਿਖਲਾਈ ਅਤੇ ਸਾਰੇ ਪੱਧਰਾਂ ਦੀਆਂ ਸਬੰਧਤ ਸਰਗਰਮੀਆਂ ਦੀ ਵਿਵਸਥਾ ਕਰਨ ਦੇ ਪ੍ਰਯੋਜਨਾਂ ਨਾਲ ਚਿਤਕਾਰਾ ਯੂਨੀਵਰਸਿਟੀ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਯੂਨੀਵਰਸਿਟੀ ਸਥਾਪਤ ਅਤੇ ਨਿਗਮਤ ਕਰਨ ਲਈ ਇੱਕ ਐਕਟ;

ਜਦੋਂ ਕਿ ਚਿਤਕਾਰਾ ਸਿੱਖਿਅਕ ਟ੍ਰਸਟ ਨੇ ਪੰਜਾਬ ਨਿੱਜੀ ਯੂਨੀਵਰਸਿਟੀ ਨੀਤੀ, 2010 ਦੇ ਆਧਾਰ ਤੇ ਪੰਜਾਬ ਰਾਜ ਵਿੱਚ ਸਵੈ–ਵਿੱਤੀ ਪੋਸ਼ਣ ਨਾਲ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਾਰੇ ਸਮਯੋਗਤਾ ਵਰਗਾਂ ਵਿੱਚ ਵਿਵਸਥਾ ਕਰਨ ਸਬੰਧੀ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਪ੍ਰਯੋਜਕ ਕੀਤਾ ਸੀ;

ਜਦੋਂ ਕਿ ਰਾਜ ਸਰਕਾਰ, ਪੰਜਾਬ ਨਿੱਜੀ ਯੂਨੀਵਰਸਿਟੀ ਨੀਤੀ, 2010 ਦੇ ਮੱਦੇਨਜ਼ਰ ਉਕਤ ਤਜਵੀਜ਼ ਤੇ ਵਿਚਾਰ ਕਰਨ ਤੋਂ ਬਾਅਦ, ਇਸ ਨਤੀਜੇ ਤੇ ਪਹੁੰਚੀ ਹੈ ਕਿ ਚਿਤਕਾਰਾ ਸਿੱਖਿਅਕ ਟ੍ਰਸਟ ਆਪਣੀ ਬਾਂਧ ਨਿਭਾਉਣ ਅਤੇ ਯੂਨੀਵਰਸਿਟੀ ਨੂੰ ਚਲਾਉਣ ਦੇ ਯੋਗ ਹੈ, ਅਤੇ ਇਸ ਲਈ, ਉਕਤ ਨਿੱਜੀ ਯੂਨੀਵਰਸਿਟੀ ਦੀ ਸਥਾਪਨਾ ਦੀ ਤਜਵੀਜ਼ ਨੂੰ ਪ੍ਰਵਾਨ ਕਰ ਲਿਆ ਗਿਆ ਹੈ;

ਜਦੋਂ ਕਿ ਇਨ੍ਹਾਂ ਹਵਾਲਾ ਵਿੱਚ ਉਪਰੋਕਤ ਪ੍ਰਯੋਜਨਾਂ ਲਈ ਚਿਤਕਾਰਾ ਯੂਨੀਵਰਸਿਟੀ ਸਥਾਪਤ ਕਰਨੀ ਉਚਿਤ ਸਮਝੀ ਜਾਂਦੀ ਹੈ।

ਭਾਰਤ ਗਣਰਾਜ ਦੇ ਇਕਾਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ। 1. (1) ਇਸ ਐਕਟ ਨੂੰ ਚਿਤਕਾਰਾ ਯੂਨੀਵਰਸਿਟੀ ਐਕਟ, 2010 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਅਕਾਦਮਿਕ ਕੌਂਸਲ" ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) "ਅਥਾਰਟੀਆਂ" ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) "ਪ੍ਰਬੰਧ-ਬੋਰਡ" ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰਬੰਧ ਬੋਰਡ;

(ਸ) "ਕੈਂਪਸ" ਦਾ ਮਤਲਬ ਹੈ ਜੁੜਵਾਂ ਖੇਤਰ ਜਿਸ ਵਿੱਚ ਯੂਨੀਵਰਸਿਟੀ ਸਥਿਤ ਹੈ;

(ਹ) "ਅਧਿਐਨ ਬੋਰਡ" ਦਾ ਮਤਲਬ ਹੈ ਸ਼ਾਸਕ ਬੌਡੀ ਦੁਆਰਾ ਗਠਤ ਕੀਤੀ ਗਈ ਇੱਕ ਬੌਡੀ;

(ਕ) "ਚੇਅਰਮੈਨ" ਦਾ ਮਤਲਬ ਹੈ ਟ੍ਰਸਟ ਦਾ ਚੇਅਰਮੈਨ;

(ਖ) "ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਗ) "ਮੁੱਖ ਵਿੱਤ ਅਤੇ ਲੇਖਾ ਅਧਿਕਾਰੀ" ਦਾ ਮਤਲਬ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ;

(ਘ) "ਡੀਨ" ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਙ) "ਸ਼ਾਸਕ ਬੌਡੀ" ਦਾ ਮਤਲਬ ਹੈ ਯੂਨੀਵਰਸਿਟੀ ਦੀ ਸ਼ਾਸਕ ਬੌਡੀ;

(ਚ) "ਸੰਸਥਾ" ਦਾ ਮਤਲਬ ਹੈ ਕੋਈ ਵੀ ਸੰਸਥਾ ਜਾਂ ਵਿਦਿਆਲਾ ਜਾਂ ਕਾਲਜ ਜਾਂ ਅਕਾਦਮਿਕ ਕੇਂਦਰ (ਜੋ ਕਿ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ), ਜੋ ਯੂਨੀਵਰਸਿਟੀ ਦੇ ਕੈਂਪਸ ਵਿੱਚ ਸਥਿਤ ਹੈ ਅਤੇ ਜਿਸ ਨੂੰ ਯੂਨੀਵਰਸਿਟੀ ਦੁਆਰਾ ਚਲਾਇਆ ਜਾਂ ਪ੍ਰਬੰਧਤ ਕੀਤਾ ਜਾਂਦਾ ਹੈ;

(ਛ) "ਮੁਕੱਰਰ" ਦਾ ਮਤਲਬ ਹੈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਗਿਆ;

(ਜ) "ਰਜਿਸਟਰਾਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਝ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਞ) "ਪ੍ਰਵਿਧਾਨ", "ਆਰਡੀਨੈਂਸ" ਅਤੇ "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬਣੇ ਯੂਨੀਵਰਸਿਟੀ ਦੇ "ਪ੍ਰਵਿਧਾਨ", "ਆਰਡੀਨੈਂਸ" ਅਤੇ "ਵਿਨਿਯਮ";

(ਟ) "ਅਧਿਆਪਕ", ਜਿਸ ਵਿੱਚ ਪ੍ਰੋਫ਼ੈਸਰ, ਰੀਡਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਅਤੇ ਕੋਈ ਹੋਰ ਵਿਅਕਤੀ ਜੋ ਯੂਨੀਵਰਸਿਟੀ ਜਾਂ ਇਸ ਦੀਆਂ ਕਿਸੇ ਹੋਰ ਸੰਸਥਾਵਾਂ ਵਿੱਚ ਪੂਰਨ ਕਾਲ ਜਾਂ ਅੰਸ਼ਕ ਕਾਲ ਦੇ ਆਧਾਰ ਤੇ ਸਿੱਖਿਆ ਦਿੰਦਾ ਹੈ, ਸ਼ਾਮਲ ਹਨ;

(ਠ) "ਟ੍ਰਸਟ" ਦਾ ਮਤਲਬ ਹੈ ਚਿਤਕਾਰਾ ਸਿੱਖਿਅਕ ਟ੍ਰਸਟ;

(ਡ) "ਯੂਨੀਵਰਸਿਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਚਿਤਕਾਰਾ ਯੂਨੀਵਰਸਿਟੀ;

(ਢ) "ਵਾਈਸ-ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ

(ਣ) "ਵਿਜ਼ਿਟਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਜ਼ਿਟਰ।

ਯੂਨੀਵਰਸਿਟੀ ਦੀ ਸਥਾਪਨਾ।

3. (1) ਪੰਜਾਬ ਰਾਜ ਵਿੱਚ ਚਿਤਕਾਰਾ ਯੂਨੀਵਰਸਿਟੀ ਦੇ ਨਾਂ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ।

(2) ਯੂਨੀਵਰਸਿਟੀ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਟ੍ਰਸਟ ਦੁਆਰਾ ਚਲਾਈ ਅਤੇ ਉਸ ਦੁਆਰਾ ਉਸਦਾ ਪ੍ਰਬੰਧ ਕੀਤਾ ਜਾਵੇਗਾ।

(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇਸ ਦੀ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਧਾਰਨ ਕਰਨ, ਨਿਪਟਾਰਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਪਿੰਡ ਜਾਂਸਲਾ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ, ਪੰਜਾਬ ਵਿਖੇ ਹੋਵੇਗਾ।

(5) ਯੂਨੀਵਰਸਿਟੀ ਸਵੈ-ਵਿੱਤ ਪੋਸ਼ਣ ਹੋਵੇਗੀ ਅਤੇ ਇਹ ਰਾਜ ਸਰਕਾਰ ਪਾਸੋਂ ਕੋਈ ਗ੍ਰਾਂਟ ਜਾਂ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਹੱਕਦਾਰ ਨਹੀਂ ਹੋਵੇਗੀ।

ਯੂਨੀਵਰਸਿਟੀ ਦੇ ਉਦੇਸ਼।

4. ਯੂਨੀਵਰਸਿਟੀ ਦੇ ਹੇਠ-ਲਿਖੇ ਉਦੇਸ਼ ਹੋਣਗੇ,-

(i) ਉਚੇਰੀ ਵਿੱਦਿਆ ਵਿੱਚ ਸਿੱਖਿਆ, ਅਧਿਆਪਨ ਅਤੇ ਸਿਖਲਾਈ ਮੁਹੱਈਆ ਕਰਨਾ ਅਤੇ ਖੋਜ, ਗਿਆਨ ਦੀ ਉੱਨਤੀ ਅਤੇ ਪ੍ਰਚਾਰ ਲਈ ਉਪਬੰਧ ਬਣਾਉਣਾ;

(ii) ਬੌਧਿਕ ਯੋਗਤਾਵਾਂ ਦੇ ਉਚੇਰੇ ਪੱਧਰਾਂ ਨੂੰ ਸਿਰਜਤ ਕਰਨਾ;

(iii) ਵਿੱਦਿਆ ਅਤੇ ਸਿਖਲਾਈ ਲਈ ਅਤਿ-ਆਧੁਨਿਕ ਸਹੂਲਤਾਂ ਸਥਾਪਤ ਕਰਨਾ;

(iv) ਅਧਿਆਪਨ ਅਤੇ ਖੋਜ ਨੂੰ ਸਿਰੇ ਚਾੜ੍ਹਨਾ ਅਤੇ ਨਿਰੰਤਰ ਸਿੱਖਿਆ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨਾ;

(v) ਖੋਜ ਅਤੇ ਵਿਕਾਸ ਲਈ ਅਤੇ ਗਿਆਨ ਵੰਡਣ ਅਤੇ ਇਸ ਨੂੰ ਲਾਗੂ ਕਰਨ ਲਈ ਉੱਤਮਤਾ ਦੇ ਕੇਂਦਰਾਂ ਨੂੰ ਸਿਰਜਣਾ;

(vi) ਕੈਂਪਸ ਸਥਾਪਤ ਕਰਨਾ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ, ਸਟਾਫ਼, ਵਿਜਿਟਰਾਂ ਜਿਸ ਵਿੱਚ ਉਨ੍ਹਾਂ ਦੇ ਮਾਪੇ ਸ਼ਾਮਲ ਹਨ, ਦੇ ਠਹਿਰਣ ਲਈ ਅਤੇ ਅਧਿਐਨ ਲਈ ਸਾਰੀਆਂ ਲੋੜੀਂਦੀਆਂ ਸਹੂਲਤਾਂ ਦਾ ਉਪਬੰਧ ਕਰਨ; ਅਤੇ

(vii) ਅਜਿਹੇ ਸਭ ਕਾਰਜਾਂ ਅਤੇ ਗੱਲਾਂ ਨੂੰ ਕਰਨਾ ਜਿਵੇਂ ਕਿ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਵਧਾਵਾ ਦੇਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

5. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ ਜੋ ਕਿ ਉਸ ਦੁਆਰਾ ਜਾਂ ਉਸ ਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਵਰਤੋਂ ਕੀਤੀਆਂ ਜਾਣਗੀਆਂ ਅਤੇ ਨਿਭਾਏ ਜਾਣਗੇ, ਅਰਥਾਤ:-

(i) ਆਨਲਾਈਨ ਸਿੱਖਿਆ ਵਿਧੀਆਂ ਸਮੇਤ ਰਵਾਇਤੀ ਅਤੇ ਨਵੇਂ ਨਵੀਨਤਾਕਾਰੀ ਵਿਧੀਆਂ ਰਾਹੀਂ ਕੋਰਸਾਂ ਨਾਲ ਸਬੰਧਤ ਸਿੱਖਿਆ, ਅਧਿਆਪਨ ਅਤੇ ਖੋਜ ਲਈ ਉਪਬੰਧ ਕਰਨਾ;

(ii) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ, ਐਵਾਰਡ, ਗ੍ਰੇਡਾਂ, ਦਰਜੇ, ਅਕਾਦਮਿਕ ਉਪਾਧੀਆਂ ਦੇ ਨਾਲ-ਨਾਲ ਹੋਰ ਉਪਾਧੀਆਂ ਅਤੇ ਸਰਟੀਫਿਕੇਟਾਂ ਨੂੰ ਦੇਣ ਜਾਂ ਪ੍ਰਦਾਨ ਕਰਨ ਲਈ ਪਰਿਖਿਆਵਾਂ ਦਾ ਸੰਚਾਲਣ ਅਤੇ ਧਾਰਨ ਕਰਨਾ;

(iii) ਜਿਵੇਂ ਕਿ ਯੂਨੀਵਰਸਿਟੀ ਦੁਆਰਾ ਜਾਂ ਇਸ ਦੀਆਂ ਸੰਸਥਾਵਾਂ ਨੂੰ ਜ਼ਰੂਰਤ ਹੋਵੇ ਉਸ ਅਨੁਸਾਰ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਰੀਡਰ, ਲੈਕਚਰਾਰ ਦੇ ਅਹੁਦੇ ਜਾਂ ਇਸ ਦੇ ਬਰਾਬਰ ਦੇ ਕਿਸੇ ਹੋਰ ਅਹੁਦੇ ਨੂੰ ਸੰਸਥਿਤ ਅਤੇ ਪ੍ਰਦਾਨ ਕਰਨਾ ਅਤੇ ਅਜਿਹੇ ਵਿਅਕਤੀਆਂ ਦੀ ਨਿਯੁਕਤੀ ਕਰਨੀ;

(iv) ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ ਫੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ-ਵਜੀਫ਼ਾ ਨੂੰ ਸੰਸਥਿਤ ਅਤੇ ਐਵਾਰਡ ਦੇਣਾ;

(v) ਉਨ੍ਹਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਵੱਲੋਂ ਕਿਸੇ ਦੂਸਰੀ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਪਰਿਸ਼ਦ ਜਾਂ ਕਿਸੇ ਹੋਰ

ਸ਼ਕਤਵਾਨ ਅਥਾਰਟੀ ਤੋਂ ਅੰਸ਼ਕ ਜਾਂ ਪੂਰਨ ਤੌਰ ਤੇ ਕੋਰਸ ਪੂਰੇ ਕੀਤੇ ਗਏ ਹਨ, ਉਹਨਾਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਨੂੰ ਬਰਾਬਰਤਾ ਪ੍ਰਦਾਨ ਕਰਨੀ;

(vi) ਪਰਸਪਰ ਆਧਾਰ ਤੇ ਦੂਸਰੀਆਂ ਯੂਨੀਵਰਸਿਟੀਆਂ ਦੀ ਤੁਲਨਾ ਵਿੱਚ ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨੇ;

(vii) ਕੇਂਦਰੀ ਲਾਇਬਰੇਰੀ, ਵਿਭਾਗੀ ਲਾਇਬਰੇਰੀਆਂ, ਅਜਾਇਬ-ਘਰਾਂ ਅਤੇ ਸਮਵਰਤੀ ਮਾਮਲਿਆਂ ਨੂੰ ਸਥਾਪਤ ਕਰਨਾ;

(viii) ਅਜਿਹੀਆਂ ਫ਼ੀਸਾਂ ਅਤੇ ਹੋਰ ਖ਼ਰਚਿਆਂ ਦੀ ਮੰਗ ਕਰਨਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ;

(ix) ਯੂਨੀਵਰਸਿਟੀ ਦੇ ਪੱਖ ਵਿੱਚ ਬਣਾਏ ਗਏ ਟ੍ਰਸਟ ਅਤੇ ਇੰਡੋਮੈਂਟ ਦੇ ਫ਼ੰਡਾਂ ਨੂੰ ਧਾਰਨ ਕਰਨਾ, ਉਸ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੀ ਵਰਤੋਂ ਕਰਨਾ;

(x) ਜਿਵੇਂ ਮੁਕੱਰਰ ਕੀਤਾ ਗਿਆ ਹੋਵੇ ਸਨਮਾਨਸੂਚਕ ਡਿਗਰੀਆਂ ਸੰਸਥਿਤ ਅਤੇ ਪ੍ਰਦਾਨ ਕਰਨੀਆਂ;

(xi) ਅਕਾਦਮਿਕ ਉੱਤਮਤਾ ਦੇ ਕਾਰਜਾਂ ਨੂੰ ਛਾਪਣਾ ਅਤੇ ਪ੍ਰਕਾਸ਼ਿਤ ਕਰਨਾ;

(xii) ਸਮਾਜ ਦੇ ਸਿੱਖਿਅਕ ਤੌਰ ਤੇ ਪੱਛੜਿਆ ਸਤਰ ਵਿੱਚ ਸਿੱਖਿਅਕ ਸਹੂਲਤਾਂ ਦੇ ਪ੍ਰਸਾਰ ਲਈ ਵਿਸ਼ੇਸ਼ ਉਪਾਅ ਕਰਨੇ;

(xiii) ਖੇਡਾਂ ਅਤੇ ਮਾਰਸ਼ਲ ਕਲਾਵਾਂ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਫੁੱਲਤ ਕਰਨਾ;

(xiv) ਤਕਨੀਕੀ, ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਦੀ ਸਿਰਜਨਾ ਕਰਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(xv) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹੋਰ ਕੇਂਦਰੀ ਜਾਂ ਰਾਜ ਏਜੰਸੀਆਂ ਜਾਂ ਕਿਸੇ ਹੋਰ ਵਿਅਕਤੀ ਪਾਸੋਂ ਗ੍ਰਾਂਟਾਂ ਪ੍ਰਾਪਤ ਕਰਨੀਆਂ;

(xvi) ਤੋਹਫ਼ੇ, ਦਾਨਾਂ ਨੂੰ ਪ੍ਰਾਪਤ ਅਤੇ ਸਵੀਕਾਰ ਕਰਨਾ ਅਤੇ ਉਧਾਰ ਅਤੇ ਪੇਸ਼ਗੀਆਂ ਲੈਣਾ;

(xvii) ਖੇਤੀਬਾੜੀ, ਉਦਯੋਗ ਅਤੇ ਕਾਰੋਬਾਰ ਦੇ ਬਾਰੇ ਵਿੱਚ ਪਰਸਪਰ ਤੌਰ ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ 'ਤੇ ਖੋਜ ਪ੍ਰੋਜੈਕਟ ਦਾ ਜ਼ਿੰਮਾ ਲੈਣਾ;

(xviii) ਮਸ਼ਵਰਾ ਸੇਵਾਵਾਂ ਮੁਹੱਈਆ ਕਰਨਾ;

(xix) ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਦੇ ਸਖ਼ਸੀਅਤ ਵਿਕਾਸ ਲਈ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਅਤੇ ਪ੍ਰਫੁੱਲਤ ਕਰਨਾ;

(xx) ਯੂਨੀਵਰਸਿਟੀ ਵਿੱਚ ਨਿਹਿਤ ਜਾਂ ਯੂਨੀਵਰਸਿਟੀ ਨਾਲ ਸਬੰਧਤ ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪਤੀ ਨੂੰ ਖਰੀਦਣਾ, ਅਰਜਤ ਕਰਨਾ ਅਤੇ ਪੱਟੇ ਤੇ ਲੈਣਾ ਜਾਂ ਰਹਿਨ ਕਰਨਾ ਅਤੇ ਕਿਸੇ ਵੀ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਵੇਚਣਾ, ਪੱਟੇ ਤੇ ਦੇਣਾ, ਰਹਿਨ ਕਰਨਾ, ਹੱਥ ਬਦਲੀ ਕਰਨਾ ਅਤੇ ਇੰਤਕਾਲ ਕਰਨਾ;

(xxi) ਵਿਦਿਆਰਥੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫ਼ੀਸ ਢਾਂਚੇ ਨੂੰ ਮੁਕੱਰਰ ਕਰਨਾ;

(xxii) ਪਰਸਪਰ ਤੌਰ 'ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ ਤੇ ਹੋਰ ਸੰਸਥਾਵਾਂ ਨਾਲ ਮਿਲਵਰਤਨ ਚਾਹੁਣਾ;

(xxiii) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੇ ਗਏ ਮਾਪਾਂ ਅਨੁਸਾਰ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਆਪਕਾਂ ਦੀਆਂ ਤਨਖਾਹਾਂ, ਮਿਹਨਤਾਨੇ ਅਤੇ ਮਾਣ-ਭੱਤੇ ਨੂੰ ਨਿਸ਼ਚਿਤ ਕਰਨਾ, ਨਿਰਧਾਰਤ ਕਰਨਾ ਅਤੇ ਉਹਨਾਂ ਨੂੰ ਮੁਹੱਈਆ ਕਰਵਾਉਣਾ;

(xxiv) ਸਵੈ-ਪ੍ਰਮਾਣਨ ਕਰਨਾ ਜਿਸ ਨੂੰ ਰਾਜ ਸਰਕਾਰ ਤੋਂ ਜਾਂ ਕੋਈ ਹੋਰ ਬੌਡੀ ਤੋਂ, ਜੋ ਰਾਜ ਸਰਕਾਰ ਦੁਆਰਾ ਜਾਂ ਰਾਜ ਦੇ ਐਕਟ ਜਾਂ ਕੇਂਦਰੀ ਐਕਟ ਅਧੀਨ ਜਿੱਥੋਂ ਤੱਕ ਇਹ ਰਾਜ ਤੇ ਲਾਗੂ ਹੈ, ਦੁਆਰਾ ਸਥਾਪਤ ਕੀਤੀ ਹੋਵੇ, ਕਿਸੇ ਆਗਿਆ, ਪ੍ਰਵਾਨਗੀ, ਲਸੰਸ, ਸਰਟੀਫਿਕੇਟ, ਇਤਰਾਜ਼ਹੀਣਤਾ ਸਰਟੀਫਿਕੇਟ, ਅਖ਼ਤਿਆਰ ਜਾਂ ਕੋਈ ਹਰ ਦਸਤਾਵੇਜ਼ ਪ੍ਰਾਪਤ ਕਰਨ ਤੋਂ ਛੋਟ ਹੋਵੇਗੀ;

(xxv) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਸਿਰੇ ਚਾੜ੍ਹਨ ਲਈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਨ ਬਣਾਉਣੇ; ਅਤੇ

(xxvi) ਅਜਿਹੇ ਹੋਰ ਸਭ ਕਾਰਜ ਕਰਨਾ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

ਯੂਨੀਵਰਸਿਟੀ ਦੇ ਅਧਿਕਾਰੀ।

6. (1) ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਵਿਜ਼ਿਟਰ;

(ii) ਚਾਂਸਲਰ;

(iii) ਵਾਈਸ-ਚਾਂਸਲਰ;

(iv) ਰਜਿਸਟਰਾਰ;

(v) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ

(vi) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜੋ ਪ੍ਰਵਿਧਾਨਾਂ ਦੁਆਰਾ ਐਲਾਨ ਕੀਤੇ ਜਾਣ, ਯੂਨੀਵਰਸਿਟੀ ਦੇ ਅਧਿਕਾਰੀ ਹੋਣਗੇ।

7. (1) ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਵਿਜ਼ਿਟਰ ਹੋਵੇਗਾ। ਵਿਜ਼ਿਟਰ।

(2) ਵਿਜ਼ਿਟਰ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ। ਵਿਜ਼ਿਟਰ ਨੂੰ ਯੂਨੀਵਰਸਿਟੀ ਦੇ ਮਾਮਲਿਆਂ ਸਬੰਧੀ ਕੋਈ ਵੀ ਸੂਚਨਾ ਲੈਣ ਦਾ ਅਧਿਕਾਰ ਹੋਵੇਗਾ।

(3) ਵਿਜ਼ਿਟਰ, ਚਾਂਸਲਰ ਦੇ ਨਾਲ ਮਸ਼ਵਰਾ ਕਰਕੇ, ਅਜਿਹੇ ਵਿਅਕਤੀ ਦੁਆਰਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾ ਸਕੇਗਾ, ਜਿਵੇਂ ਕਿ ਉਹ ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਸੰਬੰਧ ਵਿੱਚ ਨਿਰਦੇਸ਼ ਦੇ ਸਕਦਾ ਹੋਵੇ।

(4) ਵਿਜ਼ਿਟਰ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਆਪਣੇ ਇਰਾਦੇ ਸਬੰਧੀ ਹਰੇਕ ਮਾਮਲੇ ਵਿੱਚ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ ਅਤੇ ਜਿਹੀ ਕਿ ਸੂਰਤ ਹੋਵੇ, ਯੂਨੀਵਰਸਿਟੀ ਆਪਣਾ ਇੱਕ ਪ੍ਰਤੀਨਿਧ ਨਿਯੁਕਤ ਕਰੇਗੀ, ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਸਮੇਂ ਹਾਜ਼ਰ ਰਹੇਗਾ।

(5) ਵਿਜ਼ਿਟਰ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਦੇ ਨਤੀਜਿਆਂ ਬਾਰੇ ਵਾਈਸ-ਚਾਂਸਲਰ ਨੂੰ ਸੂਚਨਾ ਦੇ ਸਕੇਗਾ ਅਤੇ ਵਾਈਸ-ਚਾਂਸਲਰ ਵਿਜ਼ਿਟਰ ਦੇ ਵਿਚਾਰਾਂ ਨਾਲ ਅਜਿਹੀ ਸਲਾਹ ਤੇ ਜੋ ਵਿਜ਼ਿਟਰ ਵੱਲੋਂ ਦਿੱਤੀ ਗਈ ਹੋਵੇ ਅਤੇ ਅਜਿਹੀ ਸਲਾਹ ਤੇ ਕੀਤੀ ਗਈ ਕਾਰਵਾਈ ਸਬੰਧੀ ਸ਼ਾਸਕ ਬੌਡੀ ਨੂੰ ਸੂਚਨਾ ਦੇਵੇਗਾ।

(6) ਵਾਈਸ-ਚਾਂਸਲਰ ਵਿਜ਼ਿਟਰ ਨੂੰ ਉਸ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਹੀ ਕਿਸੇ ਹੋਰ ਗੱਲ, ਜਿਹੀ ਕਿ ਸੂਰਤ ਹੋਵੇ, ਸਬੰਧੀ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਜਾਂ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕਰੇਗਾ।

(7) ਜੇ ਰਾਜ ਸਰਕਾਰ, ਯੂਨੀਵਰਸਿਟੀ ਜਾਂ ਇਸ ਦੀਆਂ ਸੰਸਥਾਵਾਂ ਨਾਲ ਸਬੰਧਤ ਕਿਸੇ ਮਾਮਲੇ ਦੇ ਬਾਰੇ ਵਿੱਚ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ, ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ, ਜਿਹੀ ਕਿ ਸੂਰਤ ਹੋਵੇ,

ਲੋਕ ਹਿੱਤ ਵਿੱਚ ਕਰਵਾਉਣੀ ਵਾਜਬ ਸਮਝਦੀ ਹੈ ਤਾਂ ਰਾਜ ਸਰਕਾਰ ਦੁਆਰਾ ਵਿਜ਼ਿਟਰ ਨੂੰ ਇੱਕ ਹਵਾਲਾ ਕੀਤਾ ਜਾਵੇਗਾ, ਜੋ ਚਾਂਸਲਰ ਨਾਲ ਮਸ਼ਵਰਾ ਕਰਕੇ ਚਿਤਵਤ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਅਜਿਹੀ ਹੋਰ ਗੱਲ, ਕਰਵਾਏਗਾ।

ਚਾਂਸਲਰ

8. (1) ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਵਿਜ਼ਿਟਰ ਦੀ ਗੈਰ-ਹਾਜ਼ਰੀ ਵਿੱਚ ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(2) ਚਾਂਸਲਰ ਸ਼ਾਸਕ ਬੌਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਆਪਣੇ-ਆਪ ਜਾਂ ਯੂਨੀਵਰਸਿਟੀ ਦੀ ਸਬੰਧਤ ਅਥਾਰਟੀ ਦੀ ਸਿਫ਼ਾਰਸ਼ ਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਹਟਾਉਣਾ, ਮੁਅੱਤਲੀਆਂ ਅਤੇ ਮੁੜ-ਬਹਾਲੀਆਂ ਦਾ ਨਿਰਣਾ ਜਾਂ ਉਨ੍ਹਾਂ ਨੂੰ ਪ੍ਰਵਾਨਗੀ ਦੇਵੇਗਾ।

(3) ਚਾਂਸਲਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਨੂੰ ਸੋਧ ਜਾਂ ਉਸ ਨੂੰ ਪਰਤਾ ਸਕੇਗਾ ਅਤੇ ਆਪਣੇ-ਆਪ ਜਾਂ ਕਿਸੇ ਹੋਰ ਤਰ੍ਹਾਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਯੂਨੀਵਰਸਿਟੀ ਦੇ ਕਾਜਕਾਰਾਂ ਦੇ ਸੁਯੋਗ ਸੰਚਾਲਨ ਨੂੰ ਚੱਲਦੇ ਰੱਖਣ ਲਈ ਸਾਰੇ ਲੋੜੀਂਦੇ ਜ਼ਰੂਰੀ ਕੰਮ ਕਰ ਸਕੇਗਾ।

(4) ਚਾਂਸਲਰ ਕੋਲ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਅਤੇ ਇਸ ਨਾਲ ਅਨੁਸੰਗਕ ਕਿਸੇ ਮਾਮਲੇ ਸਬੰਧੀ ਅਜਿਹੇ ਹੋਰ ਸਾਰੇ ਕਾਰਜ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਚਾਂਸਲਰ ਵੱਲੋਂ ਲਏ ਗਏ ਸਾਰੇ ਫ਼ੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਨਾਲ ਸਬੰਧਤ ਸਾਰਿਆਂ ਲਈ ਬੰਧਨਕਾਰੀ ਹੋਣਗੇ।

(5) ਜੇ, ਚਾਂਸਲਰ ਦੀ ਰਾਏ ਵਿੱਚ ਕਿਸੇ ਵੀ ਮਾਮਲੇ ਤੇ ਤੁਰੰਤ ਕਾਰਵਾਈ ਕਰਨਾ ਜ਼ਰੂਰੀ ਹੈ ਜਿਸ ਲਈ ਇਸ ਐਕਟ ਦੁਆਰਾ ਜਾਂ ਅਧੀਨ ਯੂਨੀਵਰਸਿਟੀ ਦੇ ਕਿਸੇ ਹੋਰ ਅਧਿਕਾਰੀ ਜਾਂ ਅਥਾਰਟੀ ਨੂੰ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ, ਤਾਂ ਉਹ ਅਜਿਹੀ ਕਾਰਵਾਈ ਕਰ ਸਕੇਗਾ, ਜਿਵੇਂ ਉਹ ਜ਼ਰੂਰੀ ਸਮਝਦਾ ਹੋਵੇ ਅਤੇ, ਇਸ ਤੋਂ ਬਾਅਦ, ਜਿੰਨੀ ਜਲਦੀ ਹੋ ਸਕੇ, ਆਪਣੀ ਕਾਰਵਾਈ ਦੀ ਰਿਪੋਰਟ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਦੇਵੇਗਾ, ਜੋ ਆਮ ਤੌਰ ਤੇ ਇਸ ਮਾਮਲੇ ਨਾਲ ਸਬੰਧ ਰੱਖਦਾ ਹੋਵੇ।

(6) ਜੇ, ਚਾਂਸਲਰ ਦੀ ਰਾਏ ਵਿੱਚ, ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫ਼ੈਸਲਾ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਅਧੀਨ ਸ਼ਕਤੀਆਂ ਤੋਂ ਪਰ੍ਹੇ ਹੈ ਜਾਂ ਯੂਨੀਵਰਸਿਟੀ ਦੇ ਹਿੱਤਾਂ ਲਈ ਪ੍ਰਤੀਕੂਲ ਹੋਣ ਦੀ ਸੰਭਾਵਨਾ ਹੈ, ਤਾਂ ਉਹ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਫ਼ੈਸਲੇ ਦੀ ਤਰੀਕ ਤੋਂ ਪੰਦਰਾਂ ਦਿਨਾਂ ਦੀ ਮੁੱਦਤ ਦੇ

ਅੰਦਰ ਫ਼ੈਸਲੇ ਨੂੰ ਸੋਧਣ ਲਈ ਕਹੇਗਾ ਅਤੇ, ਜੇ ਅਧਿਕਾਰੀ ਜਾਂ ਅਥਾਰਟੀ ਅਜਿਹੇ ਫ਼ੈਸਲੇ ਨੂੰ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ ਸੋਧਣ ਤੋਂ ਇਨਕਾਰ ਕਰਦੀ ਹੈ ਜਾਂ ਪੰਦਰਾਂ ਦਿਨ ਦੀ ਮੁੱਦਤ ਦੇ ਅੰਦਰ ਕੋਈ ਫ਼ੈਸਲਾ ਲੈਣ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਉਸ ਤੇ ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

(7) ਜੇ, ਕਿਸੇ ਵੀ ਸਮੇਂ, ਕਿਸੇ ਪ੍ਰਤੀਬੇਨਤੀ ਦੇ ਪ੍ਰਾਪਤ ਹੋਣ 'ਤੇ ਜਾਂ ਹੋਰ ਤਰ੍ਹਾਂ ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਕਿਸੇ ਹੋਰ ਅਧਿਕਾਰੀ ਵੱਲੋਂ,-

(ੳ) ਇਸ ਐਕਟ ਅਧੀਨ ਜਾਂ ਹੋਰ ਤਰ੍ਹਾਂ ਉਸ ਤੇ ਅਰੋਪੇ ਗਏ ਕਿਸੇ ਕਰਤੱਵ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਗਈ ਹੈ; ਜਾਂ

(ਅ) ਕੋਈ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਕਿ ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਹੈ; ਜਾਂ

(ੲ) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹੈ, ਤਾਂ ਚਾਂਸਲਰ ਇਸ ਤੱਥ ਦੇ ਹੁੰਦਿਆ ਹੋਇਆਂ ਵੀ ਕਿ ਉਸ ਅਧਿਕਾਰੀ ਦੇ ਅਹੁਦੇ ਦੀ ਅਉਧ ਅਜੇ ਪੂਰੀ ਨਹੀਂ ਹੋਈ, ਲਿਖਤੀ ਹੁਕਮਾਂ ਦੁਆਰਾ ਕਾਰਨ ਦੱਸਦੇ ਹੋਏ, ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਉਸ ਤਰੀਕ ਤੋਂ ਜਿਵੇਂ ਕਿ ਹੁਕਮਾਂ ਵਿੱਚ ਉਲਿਖਤ ਕੀਤੀ ਗਈ ਹੋਵੇ, ਉਸ ਤੋਂ ਆਪਣਾ ਅਹੁਦਾ ਛੱਡਣ ਦੀ ਲੋੜਨਾ ਕਰ ਸਕਦਾ ਹੈ। ਸਬੰਧਤ ਅਧਿਕਾਰੀ ਵੱਲੋਂ ਉਸ ਉਲਿਖਤ ਕੀਤੀ ਗਈ ਤਰੀਕ ਤੋਂ ਆਪਣਾ ਅਹੁਦਾ ਛੱਡਿਆ ਗਿਆ ਸਮਝਿਆ ਜਾਵੇਗਾ:

ਪਰੰਤੂ ਅਜਿਹਾ ਕੋਈ ਵੀ ਹੁਕਮ ਉਦੋਂ ਤੱਕ ਪਾਸ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਅਜਿਹੀ ਕਾਰਵਾਈ ਤਜਵੀਜ਼ਤ ਕਰਨ ਦੇ ਆਧਾਰਾਂ ਬਾਰੇ ਅਜਿਹੇ ਅਧਿਕਾਰੀ ਨੂੰ ਸੰਸੂਚਿਤ ਨਹੀਂ ਕੀਤਾ ਜਾਂਦਾ ਅਤੇ ਉਸ ਨੂੰ ਉਸ ਤੇ ਸੁਣਵਾਈ ਦਾ ਵਾਜਬ ਮੌਕਾ ਨਹੀਂ ਦੇ ਦਿੱਤਾ ਜਾਂਦਾ।

9. (1) ਵਾਈਸ-ਚਾਂਸਲਰ ਸ਼ਾਸਕ ਬੌਡੀ ਦੁਆਰਾ ਸਿਫ਼ਾਰਸ਼ ਕੀਤੇ ਗਏ ਪੰਜ ਵਿਅਕਤੀਆਂ ਦੇ ਪੈਨਲ ਵਿੱਚੋਂ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ ਅਤੇ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਉਹ ਤਿੰਨ ਸਾਲ ਦੀ ਮਿਆਦ ਲਈ ਅਹੁਦਾ ਧਾਰਨ ਕਰ ਸਕੇਗਾ: ਵਾਈਸ-ਚਾਂਸਲਰ।

ਪਰੰਤੂ ਵਾਈਸ-ਚਾਂਸਲਰ ਆਪਣੇ ਅਹੁਦੇ ਦੀ ਅਉਧ ਗੁਜ਼ਰਣ ਤੋਂ ਬਾਅਦ ਨਵੇਂ ਵਾਈਸ-ਚਾਂਸਲਰ ਦੇ ਹਾਜ਼ਰ ਹੋਣ ਤੱਕ, ਆਪਣਾ ਅਹੁਦਾ ਧਾਰਨ ਕਰਦਾ

ਰਹੇਗਾ। ਪਰ ਕਿਸੇ ਵੀ ਸੂਰਤ ਵਿੱਚ ਇਹ ਮੁੱਦਤ ਇੱਕ ਸਾਲ ਤੋਂ ਵੱਧ ਨਹੀਂ ਹੋਵੇਗੀ।

(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀ ਕੀਤਾ ਜਾਵੇਗਾ, ਜਦੋਂ ਤੱਕ ਉਸ ਕੋਲ ਅਜਿਹੀਆਂ ਕਾਬਲੀਅਤਾਂ ਨਾ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਸਿਰਜੀ ਜਾਂ ਗਠਤ ਕੀਤੀ ਗਈ ਇਸ ਦੇ ਬਰਾਬਰ ਦੀ ਸੰਸਥਾ ਦੁਆਰਾ ਮੁਕੱਰਰ ਕੀਤੀਆਂ ਗਈਆਂ ਹੋਣ।

(3) ਵਾਈਸ-ਚਾਂਸਲਰ, ਯੂਨੀਵਰਸਿਟੀ ਦਾ ਪ੍ਰਮੁੱਖ ਕਾਰਜਕਾਰੀ ਅਤੇ ਅਕਾਦਮਿਕ ਅਧਿਕਾਰੀ ਹੋਵੇਗਾ, ਅਤੇ ਯੂਨੀਵਰਸਿਟੀ ਦੇ ਮਾਮਲਿਆਂ ਉੱਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਲਾਗੂ ਕਰੇਗਾ।

(4) ਵਿਜ਼ਿਟਰ ਅਤੇ ਚਾਂਸਲਰ ਦੇ ਗੈਰ-ਹਾਜ਼ਰੀ ਦੀ ਸੂਰਤ ਵਿੱਚ, ਵਾਈਸ-ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) ਵਾਈਸ-ਚਾਂਸਲਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਜਕਾਰਾਂ ਨੂੰ ਨਿਭਾਏਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

ਰਜਿਸਟਰਾਰ।

10. (1) ਰਜਿਸਟਰਾਰ, ਚਾਂਸਲਰ ਦੁਆਰਾ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਹੋਵੇ।

(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਕਾਬਲੀਅਤਾਂ ਨਾ ਹੋਣ, ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਸਿਰਜੀ ਜਾਂ ਗਠਤ ਕੀਤੀ ਗਈ ਇਸ ਦੇ ਬਰਾਬਰ ਦੀ ਸੰਸਥਾ ਦੁਆਰਾ ਮੁਕੱਰਰ ਕੀਤੀਆਂ ਗਈਆਂ ਹੋਣ।

(3) ਰਜਿਸਟਰਾਰ ਯੂਨੀਵਰਸਿਟੀ ਦੇ ਨਮਿੱਤ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ ਅਤੇ ਸਾਰੇ ਦਸਤਾਵੇਜ਼ਾਂ ਜਾਂ ਰਿਕਾਰਡ ਨੂੰ ਪ੍ਰਮਾਣੀਕ ਕਰੇਗਾ।

(4) ਰਜਿਸਟਰਾਰ ਸ਼ਾਸਕ ਬੌਡੀ, ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ, ਪਰੰਤੂ ਉਸ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(5) ਰਜਿਸਟਰਾਰ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਰਤੱਵਾਂ ਨੂੰ ਨਿਭਾਏਗਾ।

ਮੁੱਖ ਵਿੱਤ ਅਤੇ ਲੇਖਾ ਅਧਿਕਾਰੀ।

11. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਕੋਈ ਵੀ ਵਿਅਕਤੀ ਉਦੋਂ ਤੱਕ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਲਈ ਕਾਬਲ ਨਹੀਂ ਹੋਵੇਗਾ, ਜਦੋਂ ਤੱਕ ਉਹ ਭਾਰਤੀ ਚਾਰਟਰਡ ਲੇਖਾਕਾਰ ਨਹੀਂ ਹੈ।

(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਰਤੱਵਾਂ ਨੂੰ ਨਿਭਾਏਗਾ, ਜਿਵੇਂ ਮੁਕੱਰਰ ਕੀਤੀਆਂ ਜਾਣ।

ਹੋਰ ਅਧਿਕਾਰੀ।

12. (1) ਯੂਨੀਵਰਸਿਟੀ ਉਸ ਦੇ ਕਾਜਕਾਰਾਂ ਦੇ ਸੰਚਾਲਨ ਲਈ ਜਿਵੇਂ ਜ਼ਰੂਰੀ ਸਮਝਦੀ ਹੋਵੇ, ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕਦੀ ਹੈ।

(2) ਯੂਨੀਵਰਸਿਟੀ ਦੇ ਹੋਰ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਤਰੀਕਾ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾ ਸਕਦੇ ਹੋਣ।

ਯੂਨੀਵਰਸਿਟੀ ਦੀ ਅਥਾਰਟੀਆਂ।

13. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:-

(i) ਸ਼ਾਸ਼ਕ ਬੌਡੀ;

(ii) ਪ੍ਰਬੰਧ-ਬੋਰਡ;

(iii) ਅਕਾਦਮਿਕ ਕੌਂਸਲ; ਅਤੇ

(iv) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਗਈਆਂ ਹੋਣ।

ਸ਼ਾਸਕ ਬੌਡੀ।

14. (1) ਯੂਨੀਵਰਸਿਟੀ ਦੀ ਸ਼ਾਸਕ ਬੌਡੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (ੳ) | ਚਾਂਸਲਰ; | : | ਚੇਅਰਪਰਸਨ |
| (ਅ) | ਵਾਈਸ-ਚਾਂਸਲਰ; | : | ਮੈਂਬਰ |
| (ੲ) | ਟ੍ਰਸਟ ਵੱਲੋਂ ਨਾਮਜ਼ਦ ਕੀਤੇ ਤਿੰਨ ਵਿਅਕਤੀ, ਜਿਨ੍ਹਾਂ ਵਿੱਚੋਂ ਦੋ ਉੱਘੇ ਸਿੱਖਿਆ-ਸ਼ਾਸ਼ਤਰੀ ਹੋਣਗੇ; | : | ਮੈਂਬਰ |
| (ਸ) | ਯੂਨੀਵਰਸਿਟੀ ਦੇ ਬਾਹਰੋਂ ਚਾਂਸਲਰ ਦੁਆਰਾ ਪ੍ਰਬੰਧਨ ਜਾਂ ਸੂਚਨਾ ਤਕਨਾਲੋਜੀ ਦਾ ਇੱਕ ਮਾਹਿਰ; | : | ਮੈਂਬਰ |
| (ਹ) | ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤ ਮਾਹਿਰ; | : | ਮੈਂਬਰ |
| (ਕ) | ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਜਾਂ ਉਸ ਦਾ ਪ੍ਰਤੀਨਿਧ ਜੋ ਕਿ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ; ਅਤੇ | : | ਮੈਂਬਰ |
| (ਖ) | ਚਾਂਸਲਰ ਨਾਲ ਮਸ਼ਵਰਾ ਕਰਕੇ ਸਕੱਤਰ, | : | ਮੈਂਬਰ |

ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਸਿੱਖਿਆ-ਸ਼ਾਸ਼ਤਰੀ।

(2) ਸ਼ਾਸਕ ਬੌਡੀ ਯੂਨੀਵਰਸਿਟੀ ਦੀ ਸਰਵ-ਉੱਚ ਬੌਡੀ ਹੋਵੇਗੀ। ਇਹ ਹੇਠ-ਲਿਖੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ, ਅਰਥਾਤ:-

(ੳ) ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਅਨੁਸਾਰ ਯੂਨੀਵਰਸਿਟੀ ਦੇ ਕਾਜਕਾਰਾਂ ਨੂੰ ਕੰਟਰੋਲ ਕਰਨ ਲਈ ਨਿਰਦੇਸ਼ ਦੇਣੇ ਅਤੇ ਆਮ ਨਿਗਰਾਨੀ ਪ੍ਰਦਾਨ ਕਰਨਾ;

(ਅ) ਯੂਨੀਵਰਸਿਟੀ ਦੀਆਂ ਹੋਰ ਅਥਾਰਟੀਆਂ ਦੇ ਫ਼ੈਸਲਿਆਂ ਦੀ ਨਜ਼ਰਸਾਨੀ ਕਰਨੀ ਜੇਕਰ ਉਹ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਾ ਹੋਣ;

(ੲ) ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਅਤੇ ਬਜਟ ਨੂੰ ਪ੍ਰਵਾਨ ਕਰਨਾ;

(ਸ) ਯੂਨੀਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਸਤਰਿਤ ਨੀਤੀਆਂ ਨੂੰ ਨਿਯਤ ਕਰਨਾ;

(ਹ) ਜੇ ਅਜਿਹੀ ਸਥਿਤੀ ਪੈਦਾ ਹੁੰਦੀ ਹੈ ਜਦੋਂ ਯੂਨੀਵਰਸਿਟੀ ਦਾ ਸੁਯੋਗ ਸੰਚਾਲਨ ਸਾਰੇ ਯਤਨਾਂ ਦੇ ਬਾਵਜੂਦ ਸੰਭਵ ਨਹੀਂ ਰਹਿੰਦਾ, ਤਾਂ ਟ੍ਰਸਟ ਨੂੰ ਯੂਨੀਵਰਸਿਟੀ ਦੇ ਸਵੈ-ਇੱਛੁਕ ਸਮਾਪਣ ਦੀ ਸਿਫ਼ਾਰਸ਼ ਕਰਨਾ; ਅਤੇ

(ਕ) ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀਆਂ ਗਈਆਂ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨੀ।

(3) ਸ਼ਾਸਕ ਬੌਡੀ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗੀ।

(4) ਸ਼ਾਸਕ ਬੌਡੀ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

ਪ੍ਰਬੰਧ-ਬੋਰਡ। 15. (1) ਪ੍ਰਬੰਧ-ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:-

| | | |
|---|---|---|
| (ੳ) | ਚਾਂਸਲਰ ਜਾਂ ਉਸ ਦਾ ਪ੍ਰਤੀਨਿਧ; | : ਚੇਅਰਪਰਸਨ |
| (ਅ) | ਵਾਈਸ-ਚਾਂਸਲਰ | : ਮੈਂਬਰ |
| (ੲ) | ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ, ਟ੍ਰਸਟ ਦੇ ਦੋ ਮੈਂਬਰ; | : ਮੈਂਬਰ |
| (ਸ) | ਰਾਜ ਸਰਕਾਰ ਦੇ ਪ੍ਰਤੀਨਿਧ ਵਜੋਂ ਸਿੱਖਿਆ ਸਬੰਧੀ, ਸਬੰਧਤ | : ਮੈਂਬਰ |

ਡਾਇਰੈਕਟੋਰੇਟ ਦਾ ਡਾਇਰੈਕਟਰ;

(ਹ) ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀ ਜੋ ਟ੍ਰਸਟ ਦੇ ਮੈਂਬਰ ਨਹੀਂ ਹਨ; : ਮੈਂਬਰ

(ਕ) ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ, ਅਧਿਆਪਕਾਂ ਵਿੱਚੋਂ ਦੋ ਵਿਅਕਤੀ; ਅਤੇ : ਮੈਂਬਰ

(ਖ) ਵਾਈਸ-ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਅਧਿਆਪਕ। : ਮੈਂਬਰ

(2) ਪ੍ਰਬੰਧ-ਬੋਰਡ ਦੀਆਂ ਅਜਿਹੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਪ੍ਰਬੰਧ-ਬੋਰਡ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗਾ।

(4) ਪ੍ਰਬੰਧ-ਬੋਰਡ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

16. ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:- ਅਕਾਦਮਿਕ ਕੌਂਸਲ।

(ੳ) ਵਾਈਸ-ਚਾਂਸਲਰ; : ਚੇਅਰਪਰਸਨ

(ਅ) ਰਾਜ ਸਰਕਾਰ ਦੁਆਰਾ ਉਸ ਦੇ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਅਕਾਦਮਿਕ ਵਿਅਕਤੀ; ਅਤੇ : ਮੈਂਬਰ

(ੲ) ਅਜਿਹੇ ਹੋਰ ਮੈਂਬਰ, ਜਿਵੇਂ ਮੁਕੱਰਰ ਕੀਤਾ ਜਾਵੇ। : ਮੈਂਬਰ

(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਪ੍ਰਮੁੱਖ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ ਇਸ ਐਕਟ, ਪ੍ਰਵਿਧਾਨਾਂ, ਵਿਨਿਯਮਾਂ ਅਤੇ ਆਰਡੀਨੈਂਸਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਕਾਦਮਿਕ ਨੀਤੀਆਂ ਵਿੱਚ ਤਾਲਮੇਲ ਅਤੇ ਉਨ੍ਹਾਂ ਤੇ ਆਮ ਨਿਗਰਾਨੀ ਕਰੇਗੀ।

(3) ਅਕਾਦਮਿਕ ਕੌਂਸਲ ਦੀ ਇਕੱਤਰਤਾ ਦਾ ਕੋਰਮ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

17. ਧਾਰਾ 13 ਦੇ ਖੰਡ (iv) ਅਧੀਨ ਐਲਾਨੀਆਂ ਅਥਾਰਟੀਆਂ ਦੀ ਬਣਤਰ, ਗਠਨ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾਣ। ਹੋਰ ਅਥਾਰਟੀਆਂ।

18. ਕੋਈ ਵਿਅਕਤੀ ਯੂਨੀਵਰਸਿਟੀ ਦੀ ਕਿਸੇ ਬੌਡੀ ਜਾਂ ਅਥਾਰਟੀਆਂ ਦਾ ਮੈਂਬਰ ਵਜੋਂ ਅਯੋਗ ਹੋ ਜਾਵੇਗਾ, ਜੇ ਉਹ,- ਅਥਾਰਟੀ ਜਾਂ ਬੌਡੀ ਦੀ ਮੈਂਬਰਸ਼ਿੱਪ ਲਈ ਨਾਕਾਬਲੀਅਤਾਂ।

(ੳ) ਵਿਗੜ-ਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ਅ) ਇੱਕ ਅਮੁੱਕਤ ਦਿਵਾਲੀਆ ਹੈ; ਜਾਂ

(ੲ) ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ; ਜਾਂ

(ਸ) ਕਿਸੇ ਰੂਪ ਵਿੱਚ ਕਿਸੇ ਪ੍ਰੀਖਿਆ ਦੇ ਸੰਚਾਲਣ ਕਰਨ ਵਿੱਚ ਅਣਉਚਿਤ ਆਚਰਣ ਨਾਲ ਖਚਿਤ ਹੋਣ ਕਰਕੇ ਜਾਂ ਉਸ ਨੂੰ ਵਧਾਵਾ ਦੇਣ ਕਾਰਨ ਸਜ਼ਾ-ਯਾਫ਼ਤਾ ਹੋ ਗਿਆ ਹੈ।

ਖਾਲੀ ਥਾਵਾਂ ਕਾਰਨ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨ ਹੋਣਾ।

19. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਇਸ ਐਕਟ ਦੇ ਅਧੀਨ ਕੀਤਾ ਗਿਆ ਕੋਈ ਕਾਰਜ ਜਾਂ ਕਾਰਵਾਈਆਂ ਸਿਰਫ਼ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ,-

(ੳ) ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ ਖਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਚੋਣ, ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ, ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਸੰਕਟਕਾਲੀ ਖ਼ਾਲੀ ਹੋਈਆਂ ਆਸਾਮੀਆਂ ਨੂੰ ਭਰਨਾ।

20. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਣ ਕਾਰਨ ਜਾਂ ਉਸ ਦੇ ਅਸਤੀਫ਼ੇ ਜਾਂ ਅਹੁਦੇ ਤੋਂ ਹਟਾਏ ਜਾਣ ਕਾਰਨ ਜਾਂ ਜਿਸ ਸਮਰੱਥਾ ਵਿੱਚ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ ਉਸ ਸਮਰੱਥਾ ਵਿੱਚ ਤਬਦੀਲੀ ਹੋ ਜਾਣ ਕਾਰਨ ਕੋਈ ਆਸਾਮੀ ਖਾਲੀ ਹੁੰਦੀ ਹੈ ਤਾਂ ਉਸ ਅਥਾਰਟੀ ਜਾਂ ਬੌਡੀ ਦੁਆਰਾ ਜਿਸ ਵੱਲੋਂ ਅਜਿਹੇ ਮੈਂਬਰ ਦੀ ਨਿਯੁਕਤੀ ਜਾਂ ਨਾਮਜ਼ਦਗੀ ਕੀਤੀ ਗਈ ਸੀ, ਜਿੰਨੀ ਛੇਤੀ ਸੰਭਵ ਹੋ ਸਕੇ ਉਸ ਆਸਾਮੀ ਨੂੰ ਭਰਿਆ ਜਾਵੇਗਾ:

ਪਰੰਤੂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੀ ਸੰਕਟਕਾਲੀ ਖ਼ਾਲੀ ਹੋਈ ਆਸਾਮੀ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਅਜਿਹਾ ਵਿਅਕਤੀ, ਮੈਂਬਰ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੇ ਅਹੁਦੇ ਤੇ ਬਣਿਆ ਰਹੇਗਾ, ਜਿਸ ਦੀ ਥਾਂ ਤੇ ਉਸ ਨੂੰ ਨਿਯੁਕਤ ਜਾਂ ਨਾਮਜ਼ਦ, ਜਿਹੀ ਕਿ ਸੂਰਤ ਹੋਵੇ, ਕੀਤਾ ਗਿਆ ਹੈ।

ਕਮੇਟੀਆਂ।

21. ਯੂਨੀਵਰਸਿਟੀ ਦੀਆਂ ਅਥਾਰਟੀਆਂ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ, ਜੋ ਅਜਿਹੀਆਂ ਕਮੇਟੀਆਂ ਦੁਆਰਾ ਵਿਸ਼ੇਸ਼ ਕੰਮ ਨੂੰ ਕਰਨ ਲਈ ਜ਼ਰੂਰੀ ਹੋ ਸਕਦੀਆਂ ਹਨ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਕਰਤੱਵ ਅਜਿਹੇ ਹੋਣਗੇ, ਜਿਵੇ ਕਿ ਮੁਕੱਰਰ ਕੀਤੇ ਜਾ ਸਕਣ।

22. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਪ੍ਰਵਿਧਾਨ ਬਣਾ ਸਕੇਗੀ ਜਾਂ ਪ੍ਰਵਿਧਾਨਾਂ ਦੀ ਸੋਧ ਜਾਂ ਉਨ੍ਹਾਂ ਨੂੰ ਨਿਰਸਨ ਕਰ ਸਕੇਗੀ। ਪ੍ਰਵਿਧਾਨ ਬਣਾਉਣ ਦੀ ਸ਼ਕਤੀ।

(2) ਹਰੇਕ ਪ੍ਰਵਿਧਾਨ ਲਈ ਜਾਂ ਉਨਾਂ ਵਿੱਚ ਕੋਈ ਸੋਧ ਜਾਂ ਉਸ ਦੇ ਨਿਰਸਨ ਸਬੰਧੀ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਅਜਿਹੀਆਂ ਹੋਰ ਬੌਡੀਆਂ, ਜੋ ਸਮੇਂ-ਸਮੇਂ ਤੇ ਐਲਾਨੀਆਂ ਗਈਆਂ ਹੋਣ, ਦੇ ਗਠਨ, ਸ਼ਕਤੀਆਂ ਅਤੇ ਕਾਜਕਾਰ;

(ਅ) ਵਾਈਸ-ਚਾਂਸਲਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਜਕਾਰ;

(ੲ) ਰਜਿਸਟਰਾਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(ਸ) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(ਹ) ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਕ) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜਿਆਂ ਦੀ ਸੂਰਤ ਵਿੱਚ ਸਾਲਸੀ ਜ਼ਾਬਤਾ;

(ਖ) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(ਗ) ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਦੇਣੀ ਅਤੇ ਉਨ੍ਹਾਂ ਨੂੰ ਵਜ਼ੀਫ਼ਾ ਅਤੇ ਫੈਲੋਸ਼ਿਪ ਪ੍ਰਦਾਨ ਕਰਨਾ;

(ਘ) ਸੀਟਾਂ ਦੇ ਰਾਖਵੇਂਕਰਨ ਨੂੰ ਵਿਨਿਯਮਤ ਕਰਨ ਦੇ ਨਾਲ ਦਾਖ਼ਲੇ ਦੀ ਨੀਤੀ;

(ਙ) ਵਿਦਿਆਰਥੀਆਂ ਵੱਲੋਂ ਚਾਰਜਕਰਨ ਯੋਗ ਫ਼ੀਸਾਂ;

(ਚ) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ

(ਛ) ਇਸ ਐਕਟ ਅਧੀਨ ਹੋਰ ਸਾਰੇ ਮਾਮਲੇ, ਜਿਨ੍ਹਾਂ ਲਈ ਪ੍ਰਵਿਧਾਨ ਬਣਾਉਣੇ ਲੋੜੀਂਦੇ ਹੋਣ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।

(5) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਪ੍ਰਵਿਧਾਨਾਂ ਤੇ ਵਿਚਾਰ ਕਰੇਗੀ ਅਤੇ ਉਹਨਾਂ ਤੇ ਅਜਿਹੀਆਂ ਰੂਪਭੇਦਾਂ, ਜੇ ਕੋਈ ਹੋਣ, ਦੇ ਨਾਲ ਆਪਣੀ ਪ੍ਰਵਾਨਗੀ ਦੇਵੇਗੀ, ਜਿਵੇਂ ਕਿ ਉਹ ਜ਼ਰੂਰੀ ਸਮਝੇ ਅਤੇ ਰੂਪਭੇਦ ਕੀਤੇ ਹੋਏ ਪ੍ਰਵਿਧਾਨ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ, ਜੇ ਇਸ ਤਰ੍ਹਾਂ ਰੂਪਭੇਦ ਕੀਤਾ ਹੋਵੇ।

(6) ਯੂਨੀਵਰਸਿਟੀ ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ ਰਾਜ ਸਰਕਾਰ ਦੁਆਰਾ ਰੂਪਭੇਦ ਕੀਤੇ ਗਏ ਪ੍ਰਵਿਧਾਨਾਂ ਪ੍ਰਤੀ ਆਪਣੀ ਸਹਿਮਤੀ ਸੰਸੂਚਿਤ ਕਰੇਗੀ, ਅਤੇ ਜੇ ਇਹ ਰਾਜ ਸਰਕਾਰ ਦੁਆਰਾ ਕੀਤੇ ਗਏ ਕਿਸੇ ਵੀ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ, ਤਾਂ ਉਹ ਇਸ ਲਈ ਕਾਰਨ ਦੱਸ ਸਕੇਗੀ।

(7) ਰਾਜ ਸਰਕਾਰ ਦੁਆਰਾ ਪ੍ਰਵਿਧਾਨਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਪ੍ਰਵਿਧਾਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਪੰਜ ਸਾਲਾਂ ਦੇ ਅੰਦਰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਰੂਪਭੇਦ ਨਹੀਂ ਕੀਤਾ ਜਾਵੇਗਾ।

ਆਰਡੀਨੈਂਸ ਬਣਾਉਣ ਦੀ ਸ਼ਕਤੀ।

23. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ ਆਰਡੀਨੈਂਸ ਬਣਾ ਸਕੇਗੀ ਜਾਂ ਆਰਡੀਨੈਂਸਾਂ ਵਿੱਚ ਸੋਧ ਕਰ ਸਕੇਗੀ ਜਾਂ ਉਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਆਰਡੀਨੈਂਸ ਜਾਂ ਉਸ ਵਿੱਚ ਕੋਈ ਸੋਧ ਜਾਂ ਉਸ ਨੂੰ ਨਿਰਸਤ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਆਰਡੀਨੈਂਸ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਸ ਅਨੁਸਾਰ ਉਨਾਂ ਦੇ ਨਾਂ ਰਜਿਸਟਰ ਵਿੱਚ ਚੜ੍ਹਾਉਣਾ;

(ਅ) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ;

(ੲ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਅਤੇ ਹੋਰ ਅਕਾਦਮਿਕ ਉਪਾਧੀਆਂ ਸਬੰਧੀ;

(ਸ) ਫੈਲੋਸ਼ਿੱਪਾਂ, ਵਜ਼ੀਫ਼ੇ, ਵਿਦਿਆਰਥੀ-ਵਜ਼ੀਫੇ, ਤਮਗੇ ਅਤੇ ਇਨਾਮ ਦੇਣ ਲਈ ਸ਼ਰਤਾਂ;

(ਹ) ਪਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪਰੀਖਿਆ ਲੈਣ ਵਾਲੀਆਂ ਬੌਡੀਆਂ, ਪਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ

ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵਾਂ ਬਾਰੇ ਕੀਤੇ ਉਪਬੰਧ ਸ਼ਾਮਲ ਹਨ;

(ਕ) ਯੂਨੀਵਰਸਿਟੀ ਦੇ ਵੱਖ-ਵੱਖ ਕੋਰਸਾਂ, ਪ੍ਰੀਖਿਆਵਾਂ, ਡਿਗਰੀਆਂ ਅਤੇ ਡਿਪਲੋਮਿਆਂ ਦੇ ਲਈ ਲਈਆਂ ਜਾਣ ਵਾਲੀਆਂ ਫ਼ੀਸਾਂ;

(ਖ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੀ ਰਿਹਾਇਸ਼ ਦੀਆਂ ਸ਼ਰਤਾਂ;

(ਗ) ਵਿਦਿਆਰਥੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨੀ;

(ਘ) ਕਿਸੇ ਹੋਰ ਬੌਡੀ ਦੀ ਸਿਰਜਣਾ, ਬਣਤਰ ਅਤੇ ਕਾਜਕਾਰ ਜੋ ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਸੁਧਾਰਨ ਲਈ ਜ਼ਰੂਰੀ ਸਮਝਿਆ ਜਾਂਦਾ ਹੈ;

(ਙ) ਹੋਰ ਯੂਨੀਵਰਸਿਟੀਆਂ ਅਤੇ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਅਤੇ ਸਹਿਯੋਗ ਦੇਣ ਦਾ ਤਰੀਕਾ; ਅਤੇ

(ਚ) ਇਸ ਐਕਟ ਜਾਂ ਇਸ ਅਧੀਨ ਬਣੇ ਪ੍ਰਵਿਧਾਨਾਂ ਅਨੁਸਾਰ ਉਹ ਸਾਰੇ ਹੋਰ ਵਿਸ਼ੇ ਜਿਨਾਂ ਦਾ ਆਰਡੀਨੈਂਸਾਂ ਦੁਆਰਾ ਉਪਬੰਧ ਕੀਤਾ ਜਾਣਾ ਲੋੜੀਂਦਾ ਹੋਵੇ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਆਰਡੀਨੈਂਸ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਰਾਜ ਸਰਕਾਰ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਆਰਡੀਨੈਂਸਾਂ ਤੇ ਵਿਚਾਰ ਕਰੇਗੀ ਅਤੇ ਉਹਨਾਂ ਤੇ ਅਜਿਹੀਆਂ ਰੂਪਭੇਦਾਂ, ਜੇ ਕੋਈ ਹੋਣ, ਦੇ ਨਾਲ ਆਪਣੀ ਪ੍ਰਵਾਨਗੀ ਦੇਵੇਗੀ, ਜਿਵੇਂ ਕਿ ਇਹ ਜ਼ਰੂਰੀ ਸਮਝੇ ਅਤੇ ਰੂਪਭੇਦ ਕੀਤੇ ਹੋਏ ਆਰਡੀਨੈਂਸਾਂ, ਜੇ ਇਸ ਤਰ੍ਹਾਂ ਰੂਪਭੇਦ ਕੀਤਾ ਹੋਵੇ, ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਰੂਪਭੇਦ ਕੀਤੇ ਆਰਡੀਨੈਂਸ ਪ੍ਰਤੀ ਆਪਣੀ ਸਹਿਮਤੀ ਸੰਸੂਚਿਤ ਕਰੇਗੀ, ਅਤੇ, ਜੇ ਇਹ ਰਾਜ ਸਰਕਾਰ ਦੁਆਰਾ ਕੀਤੇ ਗਏ ਕਿਸੇ ਵੀ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ, ਤਾਂ ਉਹ ਇਸ ਲਈ ਕਾਰਨ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨਗੀ ਦੇਣ ਤੋਂ ਬਾਅਦ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਪੰਜ ਸਾਲਾਂ ਦੀ ਮਿਆਦ ਦੇ ਅੰਦਰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

24. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਵਿਨਿਯਮ ਬਣਾ ਸਕੇਗੀ ਜਾਂ ਵਿਨਿਯਮਾਂ ਵਿੱਚ ਸੋਧ ਕਰ ਸਕੇਗੀ ਜਾਂ ਉਹਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਵਿਨਿਯਮ ਜਾਂ ਉਸ ਦੀ ਕੋਈ ਸੋਧ ਜਾਂ ਉਹਨਾਂ ਨੂੰ ਨਿਰਸਨ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਰਾਜ ਸਰਕਾਰ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਵਿਨਿਯਮਾਂ ਤੇ ਵਿਚਾਰ ਕਰੇਗੀ, ਅਤੇ ਉਹਨਾਂ ਤੇ ਅਜਿਹੇ ਰੂਪਭੇਦ, ਜੇ ਕੋਈ ਹੋਣ, ਦੇ ਨਾਲ ਆਪਣੀ ਪ੍ਰਵਾਨਗੀ ਦੇਵੇਗੀ ਜਿਵੇਂ ਕਿ ਉਹ ਜ਼ਰੂਰੀ ਸਮਝੇ ਅਤੇ ਰੂਪਭੇਦ ਕੀਤੇ ਹੋਏ ਵਿਨਿਯਮਾਂ ਨੂੰ ਯੂਨੀਵਰਸਿਟੀ ਨੂੰ ਭੇਜੇਗੀ, ਜੇ ਇਸ ਤਰ੍ਹਾਂ ਰੂਪਭੇਦ ਕੀਤਾ ਗਿਆ ਹੋਵੇ।

(4) ਯੂਨੀਵਰਸਿਟੀ, ਸ਼ਾਸ਼ਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਰੂਪਭੇਦ ਕੀਤੇ ਵਿਨਿਯਮਾਂ ਪ੍ਰਤੀ ਆਪਣੀ ਸਹਿਮਤੀ ਸੰਸੂਚਿਤ ਕਰੇਗੀ ਅਤੇ ਜੇ ਇਹ ਸਰਕਾਰ ਦੁਆਰਾ ਕੀਤੇ ਗਏ ਕਿਸੇ ਵੀ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਹੋਵੇਗੀ, ਤਾਂ ਉਹ ਇਸ ਦੇ ਕਾਰਨ ਦੇ ਸਕੇਗੀ।

(5) ਰਾਜ ਸਰਕਾਰ ਦੁਆਰਾ ਵਿਨਿਯਮਾਂ ਨੂੰ ਅੰਤਿਮ ਰੂਪ ਪ੍ਰਵਾਨਗੀ ਦੇਣ ਤੋਂ ਬਾਅਦ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(6) ਇਸ ਤਰ੍ਹਾਂ ਬਣਾਏ ਗਏ ਵਿਨਿਯਮਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਪੰਜ ਸਾਲਾਂ ਦੀ ਮੁੱਦਤ ਦੇ ਅੰਦਰ, ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ, ਹਾਲਾਂਕਿ, ਇਸ ਤੋਂ ਬਾਅਦ ਇਨ੍ਹਾਂ ਨੂੰ ਯੂਨੀਵਰਸਿਟੀ ਦੁਆਰਾ ਆਪਣੇ ਪੱਧਰ ਤੇ ਸੋਧਿਆ ਜਾ ਸਕੇਗਾ, ਜਿਵੇਂ ਕਿ ਇਸ ਐਕਟ ਅਧੀਨ ਮੁਕੱਰਰ ਕੀਤਾ ਗਿਆ ਹੋਵੇ।

ਯੂਨੀਵਰਸਿਟੀ ਵੱਲੋਂ ਵਿਨਿਯਮਤ ਬੌਡੀਆਂ ਦੇ ਵਿਨਿਯਮਾਂ ਆਦਿ ਦੀ ਪਾਲਣਾ ਕਰਨਾ।

25. (1) ਯੂਨੀਵਰਸਿਟੀ ਨੂੰ ਕੋਈ ਵੀ ਡਿਗਰੀਆਂ ਦੇਣ ਦੀ ਮਨਾਹੀ ਹੋਵੇਗੀ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਦੇ ਬਰਾਬਰ ਦੀ ਗਠਤ ਕੀਤੀ ਗਈ ਬੌਡੀ ਵੱਲੋਂ ਮਾਨਤਾ ਪ੍ਰਾਪਤ ਨਹੀਂ ਹੈ।

(2) ਯੂਨੀਵਰਸਿਟੀ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਨਿੱਜੀ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਸੰਭਾਲ) ਵਿਨਿਯਮ, 2003 ਅਨੁਸਾਰ ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਨਿੱਜੀ ਯੂਨੀਵਰਸਿਟੀਆਂ ਲਈ ਬਣਾਏ ਗਏ ਕਿਸੇ ਹੋਰ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

(3) ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਯੂਨੀਵਰਸਿਟੀ ਰੈਗੂਲੇਟਿੰਗ ਬੌਡੀਆਂ ਦੇ ਸਾਰੇ ਵਿਨਿਯਮਾਂ ਅਤੇ ਮਾਪਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ ਅਤੇ ਅਜਿਹੀਆਂ ਬੌਡੀਆਂ ਨੂੰ ਅਜਿਹੀਆਂ ਸਾਰੀਆਂ ਸਹੂਲਤਾਂ ਅਤੇ ਸਹਾਇਤਾ ਮੁਹੱਈਆ ਕਰੇਗੀ ਜੋ ਉਨ੍ਹਾਂ ਦੁਆਰਾ ਆਪਣੇ ਕਰਤੱਵਾਂ ਨੂੰ

ਨਿਭਾਉਣ ਅਤੇ ਆਪਣੇ ਕਾਜਕਾਰਾਂ ਨੂੰ ਸਿਰੇ ਚੜ੍ਹਾਉਣ ਲਈ ਲੋੜੀਂਦੀਆਂ ਹੋਣਗੀਆਂ।

29. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ, ਜਿਸ ਵਿੱਚ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ,- ਆਮ ਫ਼ੰਡ।

(ੳ) ਯੂਨੀਵਰਸਿਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ ਅਤੇ ਹੋਰ ਚਾਰਜਿਜ਼;

(ਅ) ਯੂਨੀਵਰਸਿਟੀ ਦੁਆਰਾ ਮਸ਼ਵਰੇ ਤੋਂ ਅਤੇ ਆਪਣੇ ਜ਼ਿੰਮੇ ਲਏ ਗਏ ਹੋਰ ਕੰਮਾਂ ਤੋਂ ਪ੍ਰਾਪਤ ਕੀਤੀ ਗਈ ਕੋਈ ਆਮਦਨ;

(ੲ) ਵਸੀਅਤਾਂ, ਦਾਨਾਂ, ਇੰਡੋਮੈਂਟਾਂ ਅਤੇ ਕੋਈ ਹੋਰ ਗ੍ਰਾਂਟਾਂ; ਅਤੇ

(ਸ) ਕਿਸੇ ਸਰਕਾਰੀ ਅਤੇ ਗੈਰ-ਸਰਕਾਰੀ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਸਾਧਨ ਤੋਂ ਪ੍ਰਾਪਤ ਕੀਤੇ ਗਏ ਫ਼ੰਡ ਅਤੇ ਗ੍ਰਾਂਟਾਂ;

(2) ਆਮ ਫ਼ੰਡ ਦੀ ਹੇਠ-ਲਿਖੇ ਪ੍ਰਯੋਜਨਾਂ ਲਈ ਵਰਤੋਂ ਹੋਵੇਗੀ, ਅਰਥਾਤ:-

(ੳ) ਯੂਨੀਵਰਸਿਟੀ ਦੁਆਰਾ ਲਏ ਗਏ ਕਰਜ਼ਿਆਂ ਨੂੰ ਵਿਆਜ਼ ਦੇ ਚਾਰਜਿਜ਼ ਸਮੇਤ ਵਾਪਸ ਅਦਾਇਗੀ ਕਰਨ ਲਈ;

(ਅ) ਯੂਨੀਵਰਸਿਟੀ ਦੇ ਧਨਧਾਮਾਂ ਦੀ ਸੰਭਾਲ ਲਈ;

(ੲ) ਸਿਰਜੇ ਫ਼ੰਡਾਂ ਦੇ ਆਡਿਟ ਦੇ ਖ਼ਰਚੇ ਦੀ ਅਦਾਇਗੀ ਕਰਨ ਲਈ;

(ਸ) ਕਿਸੇ ਦਾਵੇ ਜਾਂ ਕਾਰਵਾਈਆਂ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ ਅਜਿਹੇ ਕਿਸੇ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਫ਼ਾਇਦੇ ਦੀ ਅਦਾਇਗੀ ਕਰਨ ਲਈ;

(ਕ) ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਮੈਂਬਰਾਂ ਅਤੇ ਕਿਸੇ ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਕਰਨ ਲਈ;

(ਖ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਵਿਦਿਆਰਥੀਆਂ ਜਾਂ ਸਹਿਯੋਗੀ ਖੋਜਕਾਰਾਂ ਜਾਂ ਸਿਖਿਆਰਥੀਆਂ, ਜਿਹੀ ਕਿ ਸੂਰਤ ਹੋਵੇ, ਜਾਂ ਕਿਸੇ ਵੀ ਅਜਿਹੇ ਐਵਾਰਡ ਪ੍ਰਾਪਤ ਕਰਨ ਲਈ ਕਿਸੇ ਪਾਤਰ

ਵਿਦਿਆਰਥੀ ਨੂੰ ਫ਼ੈਲੋਸ਼ਿੱਪਾਂ, ਫ਼ਰੀਸ਼ਿੱਪਾਂ, ਵਜ਼ੀਫ਼ਾ, ਸਹਾਇਕਸ਼ਿੱਪਾਂ ਅਤੇ ਹੋਰ ਐਵਾਰਡਾਂ ਦੀ ਅਦਾਇਗੀ ਕਰਨ ਲਈ;

(ਗ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਿਸੇ ਖ਼ਰਚੇ ਦੀ ਅਦਾਇਗੀ ਕਰਨ ਲਈ;

(ਘ) ਯੂਨੀਵਰਸਿਟੀ ਦੇ ਪ੍ਰਯੋਜਨਾਂ ਲਈ ਭੌਂ ਅਰਜਤ ਕਰਨ ਜਾਂ ਕਿਸੇ ਕਿਸਮ ਦੇ ਵਿਕਾਸ ਦੇ ਕੰਮ ਜਾਂ ਇਸ ਤਰ੍ਹਾਂ ਦੀਆਂ ਹੋਰ ਸਰਗਰਮੀਆਂ ਲਈ;

(ਙ) ਟ੍ਰਸਟ ਦੁਆਰਾ ਯੂਨੀਵਰਸਿਟੀ ਦੀ ਸਥਾਪਨਾ ਅਤੇ ਉਸ ਨੂੰ ਚਲਾਉਣ ਲਈ ਲਏ ਗਏ ਕਰਜ਼ਿਆਂ ਅਤੇ ਇਸ ਲਈ ਕੀਤੇ ਗਏ ਨਿਵੇਸ਼ਾਂ ਦੀ ਵਾਪਸ ਅਦਾਇਗੀ ਕਰਨ ਲਈ ਅਤੇ ਪੂੰਜੀ ਦੇ ਖ਼ਰਚੇ ਦੀ ਅਦਾਇਗੀ ਕਰਨ ਲਈ;

(ਚ) ਯੂਨੀਵਰਸਿਟੀ ਦੁਆਰਾ ਲਏ ਗਏ ਮਸ਼ਵਰੇ ਦੇ ਕੰਮ ਨਾਲ ਸਬੰਧਤ ਚਾਰਜਾਂ ਅਤੇ ਖਰਚਿਆਂ ਦੀ ਅਦਾਇਗੀ ਕਰਨ ਲਈ; ਅਤੇ

(ਛ) ਟ੍ਰਸਟ ਦੁਆਰਾ ਜਾਂ ਯੂਨੀਵਰਸਿਟੀ ਲਈ ਜਾਂ ਇਸ ਦੇ ਨਮਿੱਤ ਕਿਸੇ ਖਰਚੇ, ਤਨਖਾਹਾਂ, ਕਰਾਂ, ਦੇਣਦਾਰੀਆਂ ਆਦਿ ਦੀ ਅਦਾਇਗੀ ਕਰਨ ਲਈ।

(3) ਯੂਨੀਵਰਸਿਟੀ ਵਿੱਤ ਅਤੇ ਲੇਖਿਆਂ ਦੇ ਪ੍ਰਸ਼ਾਸਨ ਨੂੰ ਸਰਲ ਅਤੇ ਕੁਸ਼ਲ ਤਰੀਕੇ ਨਾਲ ਪ੍ਰਬੰਧ ਕਰਨ ਲਈ ਲੇਖਾ ਪ੍ਰਣਾਲੀ ਤਿਆਰ ਕਰੇਗੀ ਤਾਂ ਜੋ ਗੈਰ-ਜ਼ਰੂਰੀ ਕਾਰਜ-ਵਿਧੀ ਉਲਝਣਾਂ ਤੋਂ ਬਚਿਆ ਜਾ ਸਕੇ।

ਹੋਰ ਫ਼ੰਡ।

27. ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਯੂਨੀਵਰਸਿਟੀ ਕੋਲ ਅਜਿਹੇ ਹੋਰ ਫ਼ੰਡ ਵੀ ਹੋਣਗੇ।

ਸਾਲਾਨਾ ਰਿਪੋਰਟ, ਲੇਖੇ ਅਤੇ ਆਡਿਟ।

28. ਯੂਨੀਵਰਸਿਟੀ ਦੀ ਆਮਦਨ ਅਤੇ ਖ਼ਰਚਿਆਂ ਦੇ ਲੇਖੇ ਯੂਨੀਵਰਸਿਟੀ ਦੇ ਚਾਰਟਰਡ ਲੇਖਾਕਾਰ ਦੁਆਰਾ ਆਡਿਟ ਕੀਤੇ ਜਾਣਗੇ ਅਤੇ ਉਹ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਵੱਲੋਂ ਸਾਲ ਵਿੱਚ ਇੱਕ ਵਾਰ ਸ਼ਾਸਕ ਬੌਡੀ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

ਪ੍ਰੀਖਿਆਵਾਂ।

29. ਹਰੇਕ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਵਿੱਚ ਅਤੇ ਕਿਸੇ ਵੀ ਸੂਰਤ ਵਿੱਚ ਹਰੇਕ ਕਲੰਡਰ ਸਾਲ ਦੇ ਅਗਸਤ ਦੇ 30ਵੇਂ ਦਿਨ ਤੋਂ ਪਹਿਲਾਂ, ਯੂਨੀਵਰਸਿਟੀ ਪ੍ਰੀਖਿਆਵਾਂ ਦੀ ਛਿਮਾਹੀ-ਦਰ-ਛਿਮਾਹੀ ਜਾਂ ਸਲਾਨਾ, ਜਿਹੀ ਕਿ ਸੂਰਤ ਹੋਵੇ, ਪ੍ਰੀਖਿਆਵਾਂ ਦੀ ਇੱਕ ਆਰਜ਼ੀ ਅਨੁਸੂਚੀ ਤਿਆਰ ਅਤੇ ਪ੍ਰਕਾਸ਼ਿਤ ਕਰੇਗੀ, ਜਿਸ ਵਿੱਚ ਯੂਨੀਵਰਸਿਟੀ ਵਿੱਚ ਹੋਣ ਵਾਲੀਆਂ ਵੱਖ-ਵੱਖ ਅਕਾਦਮਿਕ ਸਰਗਰਮੀਆਂ ਸ਼ਾਮਲ ਹੋਣਗੀਆਂ।

ਵਿਆਖਿਆ:- 'ਪ੍ਰੀਖਿਆਵਾਂ ਦੀ ਅਨੁਸੂਚੀ', ਜਿਸ ਦਾ ਮਤਲਬ ਸਾਰਣੀ ਤੋਂ ਹੈ ਜੋ ਵਿਵਹਾਰਕ ਪ੍ਰੀਖਿਆਵਾਂ ਦੇ ਵੇਰਵੇ, ਉਸਦੇ ਹਰੇਕ ਪੇਪਰ ਦੇ ਸੁਰੂ ਹੋਣ ਦਾ ਸਮਾਂ, ਦਿਨ ਅਤੇ ਤਰੀਕ ਦਰਸਾਉਂਦੀ ਹੋਵੇ ਅਤੇ ਜੋ ਪ੍ਰੀਖਿਆਵਾਂ ਦੀ ਯੋਜਨਾ ਦਾ ਇੱਕ ਹਿੱਸਾ ਹੈ।

ਨਤੀਜਿਆਂ ਦਾ ਐਲਾਨ ਕਰਨਾ।

30. (1) ਯੂਨੀਵਰਸਿਟੀ, ਕਿਸੇ ਵਿਸ਼ੇਸ਼ ਕੋਰਸ ਦੀਆਂ ਲਈਆਂ ਗਈਆਂ ਪ੍ਰੀਖਿਆਵਾਂ ਦੀ ਆਖਰੀ ਤਰੀਕ ਤੋਂ ਪੰਤਾਲੀ ਦਿਨ ਦੀ ਮੁੱਦਤ ਦੇ ਅੰਦਰ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕਰਨ ਦਾ ਯਤਨ ਕਰੇਗੀ, ਅਤੇ ਕਿਸੇ ਵੀ ਸੂਰਤ ਵਿੱਚ ਅਜਿਹੀ ਤਰੀਕ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ ਹੋਣਗੇ।

(2) ਕੋਈ ਪ੍ਰੀਖਿਆ ਜਾਂ ਕਿਸੇ ਵੀ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਅਵੈਧ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਯੂਨੀਵਰਸਿਟੀ ਦੁਆਰਾ ਪ੍ਰੀਖਿਆਵਾਂ ਦੀ ਅਨੁਸੂਚੀ ਨਹੀਂ ਅਪਣਾਈ ਗਈ।

ਕਨਵੋਕੇਸ਼ਨ।

31. ਯੂਨੀਵਰਸਿਟੀ ਦੀ ਕਨਵੋਕੇਸ਼ਨ ਹਰੇਕ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਜਾਂ ਕਿਸੇ ਹੋਰ ਅਕਾਦਮਿਕ ਉਪਾਧੀਆਂ ਦੇਣ ਲਈ ਜਾਂ ਕਿਸੇ ਹੋਰ ਪ੍ਰਯੋਜਨ ਲਈ, ਅਜਿਹੇ ਤਰੀਕੇ ਨਾਲ ਆਯੋਜਿਤ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਯੂਨੀਵਰਸਿਟੀ, ਅਥਾਰਟੀਆਂ ਅਤੇ ਬੌਡੀਆਂ ਦੀ ਰਚਨਾ ਬਾਰੇ ਝਗੜੇ।

32. ਜੇ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦਾ ਮੈਂਬਰ ਹੋਣ ਸਬੰਧੀ ਉਸਦੀ ਨਿਯੁਕਤੀ ਜਾਂ ਹੱਕ ਦੇ ਸਬੰਧ ਵਿੱਚ ਕੋਈ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਅਜਿਹਾ ਪ੍ਰਸ਼ਨ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

33. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ ਰਾਜ ਸਰਕਾਰ, ਚਾਂਸਲਰ ਨਾਲ ਮਸ਼ਵਰਾ ਕਰਕੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਅਤੇ ਜੋ ਉਸ ਨੂੰ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

34. ਇਸ ਐਕਟ, ਪ੍ਰਵਿਧਾਨ, ਆਰਡੀਨੈਂਸ ਜਾਂ ਵਿਨਿਯਮ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅਲਪਕਾਲੀ ਉਪਬੰਧ।

35. ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਟ੍ਰਸਟ, ਫ਼ੰਡਾਂ ਦੇ ਉਪਲੱਭਤਾ ਹੋਣ ਦੇ ਤਾਬੇ, ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ ਲਈ, ਯੂਨੀਵਰਸਿਟੀ ਦੇ ਸਾਰੇ ਕਾਰਜ ਜਾਂ ਕਿਸੇ ਇੱਕ ਕਾਰਜ ਦਾ ਨਿਸਤਾਰਾ ਕਰ ਸਕਦਾ ਹੈ, ਅਤੇ ਉਸ ਪ੍ਰਯੋਜਨ ਲਈ, ਜਦੋਂ ਤੱਕ ਅਜਿਹੀ

ਅਥਾਰਟੀ ਹੋਂਦ ਵਿੱਚ ਨਹੀਂ ਆ ਜਾਂਦੀ ਜਾਂ ਕੋਈ ਅਜਿਹਾ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ, ਟ੍ਰਸਟ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ ਅਤੇ ਅਜਿਹੇ ਕਰਤੱਵਾਂ ਨੂੰ ਨਿਭਾ ਸਕਦਾ ਹੈ ਜਿਹੜੇ ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਦੁਆਰਾ ਨਿਭਾਏ ਜਾਣੇ ਹੁੰਦੇ ਹਨ।

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3496/9-2025/Pb. Govt. Press, S.A.S. Nagar*

**ਭਾਗ-I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 9 ਸਤੰਬਰ, 2025

ਨੰ: 35/ਭ.ਕ./2025.- ਅੰਮ੍ਰਿਤਸਰ ਚਾਰਦੀਵਾਰੀ ਵਾਲਾ ਸ਼ਹਿਰ (ਵਰਤੋਂ ਦੀ ਮਾਨਤਾ) ਐਕਟ, 2016 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 9th September, 2025

**No. 35/L.C./2025.**- The Translation in Punjabi of the Amritsar Walled City (Recognition of Usage) Act, 2016 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਅੰਮ੍ਰਿਤਸਰ ਚਾਰਦੀਵਾਰੀ ਵਾਲਾ ਸ਼ਹਿਰ (ਵਰਤੋਂ ਦੀ ਮਾਨਤਾ) ਐਕਟ, 2016

**(2016 ਦਾ ਪੰਜਾਬ ਐਕਟ ਨੰ: 13)**

ਅੰਮ੍ਰਿਤਸਰ ਚਾਰਦੀਵਾਰੀ ਵਾਲੇ ਸ਼ਹਿਰ ਦੇ ਅੰਦਰ ਵਪਾਰਕ ਅਦਾਰਿਆਂ ਵਿੱਚ ਕੀਤੀਆਂ ਗਈਆਂ ਇਮਾਰਤੀ ਖ਼ਿਲਾਫ਼ਵਰਜ਼ੀਆਂ ਦੇ ਬਾਰੇ ਵਿੱਚ ਵਰਤੋਂ ਦੀ ਇੱਕ ਵਾਰ ਮਾਨਤਾ ਪ੍ਰਦਾਨ ਕਰਨ ਅਤੇ ਜਨਤਕ ਸੁਰੱਖਿਅਤਾ, ਸਹੂਲਤ ਅਤੇ ਭਲਾਈ ਲਈ ਉਪਬੰਧ ਕਰਦੇ ਹੋਏ ਵਿਨਿਯਮਤ ਵਿਕਾਸ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤਾਹਟਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਅੰਮ੍ਰਿਤਸਰ ਚਾਰਦੀਵਾਰੀ ਵਾਲਾ ਸ਼ਹਿਰ (ਵਰਤੋਂ ਦੀ ਮਾਨਤਾ) ਐਕਟ, 2016 ਕਿਹਾ ਜਾ ਸਕੇਗਾ। ਸੰਖੇਪ ਨਾਂ, ਲਾਗੂ ਹੋਣਾ ਅਤੇ ਅਰੰਭ।

(2) ਇਹ ਚਾਰਦੀਵਾਰੀ ਵਾਲੇ ਸ਼ਹਿਰ 'ਤੇ ਲਾਗੂ ਹੋਵੇਗਾ।

(3) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਨਿਯਤ ਤਰੀਕ" ਦਾ ਮਤਲਬ ਹੈ ਅਜਿਹੀ ਤਰੀਕ, ਜੋ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੀ ਜਾਵੇ;

(ਅ) "ਇਮਾਰਤ ਉਪ-ਕਾਨੂੰਨ" ਦਾ ਮਤਲਬ ਹੈ ਨਗਰਪਾਲਕ ਨਿਗਮ (ਇਮਾਰਤ ਦੀ ਉਸਾਰੀ ਅਤੇ ਮੁੜ ਉਸਾਰੀ) ਉਪ-ਕਾਨੂੰਨ, 1997;

(ੲ) "ਇਮਾਰਤ ਖ਼ਿਲਾਫ਼ਵਰਜ਼ੀ" ਦਾ ਮਤਲਬ ਹੈ ਕਿਸੇ ਇਮਾਰਤ ਦੀ ਉਸਾਰੀ ਜੋ ਉਸ ਦੀ ਮਨਜ਼ੂਰ ਹੋਈ ਯੋਜਨਾ ਦੀ ਖ਼ਿਲਾਫ਼ਵਰਜ਼ੀ ਕਰਕੇ ਜਾਂ ਸ਼ਕਤਵਾਨ ਅਥਾਰਟੀ ਤੋਂ ਯੋਜਨਾ ਦੀ ਮਨਜ਼ੂਰੀ ਲਏ ਬਿਨਾਂ ਕੀਤੀ ਗਈ ਹੋਵੇ, ਜਿਸ ਦਾ ਪੂਰਾ ਜਾਂ ਕੁੱਝ ਹਿੱਸਾ ਪੰਜਾਬ ਨਗਰਪਾਲਕ ਨਿਗਮ ਐਕਟ, 1976 ਦੇ ਅਧੀਨ ਬਣਾਏ ਗਏ ਇਮਾਰਤ ਉਪ-ਕਾਨੂੰਨਾਂ ਦੇ ਖੰਡ 3.15 ਦੇ ਅਨੁਸਾਰ ਰਾਜ਼ੀਨਾਮੇ ਅਯੋਗ ਹੈ;

(ਸ) "ਵਪਾਰਕ ਸਥਾਪਨਾ" ਦਾ ਮਤਲਬ ਹੈ ਇੱਕ ਇਮਾਰਤ, ਇੱਕ ਉਦਯੋਗਿਕ ਇਮਾਰਤ ਤੋਂ ਇਲਾਵਾ, ਜੋ ਪੂਰਨ ਤੌਰ 'ਤੇ ਜਾਂ ਅੰਸ਼ਕ ਤੌਰ 'ਤੇ ਦੁਕਾਨਾਂ, ਨਿੱਜੀ ਦਫ਼ਤਰਾਂ, ਬੈਂਕਾਂ, ਹੋਟਲਾਂ, ਭੋਜਨਾਲੇ, ਸ਼ਿੰਗਾਰ ਕਲਾ ਕੇਂਦਰ, ਬੁਟੀਕਾਂ, ਵੀਡੀਓ ਪਾਰਲਰ, ਸਿਨੇਮਾ-ਘਰਾਂ ਅਤੇ ਆਡੀਟੋਰੀਅਮਾਂ ਲਈ ਵਰਤੀ ਜਾਂ ਬਣਾਈ ਜਾਂ ਅਪਣਾਈ ਹੋਵੇ, ਜਾਂ ਕੋਈ ਹੋਰ ਅਜਿਹੀ ਇਮਾਰਤ ਜੋ ਵਪਾਰ ਅਤੇ ਵਣਜ ਵਿੱਚ ਲੱਗੇ ਸਮਾਨ ਪ੍ਰਯੋਜਨ ਲਈ ਵਰਤੀ ਜਾ ਰਹੀ ਹੈ, ਪਰ ਇਸ ਵਿੱਚ ਨਰਸਿੰਗ ਹੋਮ, ਹਸਪਤਾਲ, ਵਿਆਹ ਭਵਨ ਅਤੇ ਬਹੁਪੱਖੀ ਮਲਟੀਪਲੈਕਸ ਸ਼ਾਮਲ ਨਹੀਂ ਹਨ;

(ਹ) "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਕਮਿਸ਼ਨਰ, ਨਗਰਪਾਲਕ ਨਿਗਮ, ਅੰਮ੍ਰਿਤਸਰ;

(ਕ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਖ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਸਥਾਨਕ ਸਰਕਾਰਾਂ ਵਿਭਾਗ;

(ਗ) "ਵਰਤੋਂ" ਦਾ ਮਤਲਬ ਹੈ ਨਿਯਤ ਤਰੀਕ 'ਤੇ ਨਗਰਪਾਲਕਾ ਰਿਕਾਰਡ ਅਨੁਸਾਰ ਵਪਾਰਕ ਸਥਾਪਨਾ ਦੀ ਮੌਜੂਦਾ ਵਰਤੋਂ; ਅਤੇ

(ਘ) "ਚਾਰਦੀਵਾਰੀ ਵਾਲਾ ਸ਼ਹਿਰ" ਦਾ ਮਤਲਬ ਹੈ ਅੰਮ੍ਰਿਤਸਰ ਸ਼ਹਿਰ ਦਾ ਉਹ ਖੇਤਰ ਜੋ ਬਾਹਰਲੇ ਪਰਿਪੱਤਰ ਸੜਕ ਨਾਲ ਘਿਰਿਆ ਹੋਇਆ ਹੈ ਜੋ ਕਿ ਫਾਸੀਲ ਦੀਵਾਰ ਅਤੇ ਪੁਰਾਣੇ ਗੇਟ ਦੀਆਂ ਸੀਮਾਵਾਂ ਦੇ ਅੰਦਰ ਹੈ ਜਿਵੇਂ ਕਿ ਹਾਲ ਗੇਟ, ਰਾਮ ਬਾਗ ਗੇਟ, ਮਹਾਂ ਸਿੰਘ ਗੇਟ, ਸ਼ੇਰਾਂ ਵਾਲਾ ਗੇਟ, ਘੀ ਮੰਡੀ ਗੇਟ, ਸੁਲਤਾਨਵਿੰਡ ਗੇਟ, ਚਾਟੀਵਿੰਡ ਗੇਟ, ਗਿਲਵਾਲੀ ਗੇਟ, ਭਗਤਾਂ ਵਾਲਾ ਗੇਟ, ਹਕੀਮਾਂ ਗੇਟ, ਖਜ਼ਾਨਾ ਗੇਟ, ਲਾਹੌਰੀ ਗੇਟ, ਬੀ.ਕੇ. ਦੱਤ ਗੇਟ, ਲੋਹਗੜ੍ਹ ਗੇਟ, ਹਾਥੀ ਗੇਟ ਅਤੇ ਸਿਕੰਦਰੀ ਗੇਟ ਜਿਵੇਂ ਇਸ ਐਕਟ ਨਾਲ ਲੱਗੀ ਅਨੁਸੂਚੀ ਵਿੱਚ ਵਿਖਾਇਆ ਹੋਇਆ ਹੈ।

(2) ਇਸ ਐਕਟ ਵਿੱਚ ਵਰਤੇ ਗਏ, ਪਰ ਪਰਿਭਾਸ਼ਤ ਨਹੀਂ ਕੀਤੇ ਗਏ, ਹੋਰ ਸਾਰੇ ਪਦਾਂ ਦੇ ਆਪਣੇ-ਆਪਣੇ ਅਰਥ ਹੋਣਗੇ, ਜੋ ਉਨ੍ਹਾਂ ਨੂੰ ਪੰਜਾਬ ਨਗਰਪਾਲਕ ਨਿਗਮ ਐਕਟ, 1976 ਅਤੇ ਇਮਾਰਤ ਉਪ-ਕਾਨੂੰਨਾਂ ਵਿੱਚ ਦਿੱਤੇ ਗਏ ਹਨ।

ਦਰਖ਼ਾਸਤ ਦੀ ਵਿਧੀ।

3. (1) ਅੰਮ੍ਰਿਤਸਰ ਚਾਰਦੀਵਾਰੀ ਵਾਲਾ ਸ਼ਹਿਰ (ਵਰਤੋਂ ਦੀ ਮਾਨਤਾ) ਸੋਧ ਐਕਟ, 2019 ਦੇ ਨਾਫ਼ਜ਼ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ ਚਾਰਦੀਵਾਰੀ ਵਾਲੇ ਸ਼ਹਿਰ ਦੇ ਅੰਦਰ ਕਿਸੇ ਵਪਾਰਕ ਸਥਾਪਨਾ ਦਾ ਕੋਈ ਵੀ ਮਾਲਕ, ਸਵੈ-ਇੱਛਾ ਨਾਲ ਕਿਸੇ ਵੀ ਇਮਾਰਤ ਦੀ ਖ਼ਿਲਾਫ਼ਵਰਜ਼ੀ ਬਾਰੇ ਖੁਲਾਸਾ ਕਰ ਸਕੇਗਾ ਅਤੇ ਨਿਯਤ ਤਰੀਕ ਤੇ ਇਸ ਦੀ ਵਰਤੋਂ ਦੀ ਮਾਨਤਾ ਲਈ ਸ਼ਕਤਵਾਨ ਅਥਾਰਟੀ ਨੂੰ ਦਰਖ਼ਾਸਤ ਦੇ ਸਕੇਗਾ। ਅਜਿਹੀ ਦਰਖ਼ਾਸਤ ਫ਼ਾਰਮ 'ੳ' ਦੇ ਅਨੁਸਾਰ ਅਜਿਹੀ ਸਥਾਪਨਾ ਦੀਆਂ ਫੋਟੋਆਂ ਦੇ ਨਾਲ, ਇਸ ਦੇ ਮਾਲਕ ਦੁਆਰਾ ਠੀਕ ਤੌਰ ਤੇ ਦਸਖ਼ਤ ਕਰਕੇ ਪੇਸ਼ ਕੀਤੀ ਜਾਵੇਗੀ।

(2) ਇਸ ਤੋਂ ਬਾਅਦ, ਸੱਠ ਦਿਨਾਂ ਦੀ ਮੁੱਦਤ ਦੇ ਅੰਦਰ, ਬਿਨੈਕਾਰ ਫਾਰਮ 'ਅ' ਵਿੱਚ ਲੋੜੀਂਦੀ ਸੂਚਨਾ ਸਾਰੇ ਲੋੜੀਂਦੇ ਦਸਤਾਵੇਜ਼ਾਂ/ਯੋਜਨਾਵਾਂ ਅਤੇ ਅਜਿਹੀ ਦਰਖ਼ਾਸਤ ਫ਼ੀਸ ਦੇ ਨਾਲ ਪੇਸ਼ ਕਰੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਵਪਾਰਕ ਸਥਾਪਨਾ ਵਿੱਚ ਪ੍ਰਥਾ ਦੀ ਇੱਕ ਵਾਰ ਮਾਨਤਾ।

4. (1) ਇਮਾਰਤ ਦੀਆਂ ਖ਼ਿਲਾਫ਼ਵਰਜੀਆਂ ਅਤੇ ਵਰਤੋਂ ਜਿਵੇਂ ਉਹ ਨਿਯਤ ਤਰੀਕ ਤੇ ਮੌਜੂਦ ਹਨ ਅਤੇ ਸਵੈ-ਇੱਛਾ ਨਾਲ ਪ੍ਰਗਟ ਕੀਤੀਆਂ ਗਈਆਂ ਹਨ, ਸ਼ਕਤਵਾਨ ਅਥਾਰਟੀ ਦੁਆਰਾ, ਇੱਕ ਵਾਰ ਦੇ ਉਪਾਅ ਵਜੋਂ, ਜਿਵੇਂ ਹੈ, ਜਿੱਥੇ ਹੈ, ਦੇ ਆਧਾਰ 'ਤੇ, ਅਜਿਹੇ ਮਾਪਦੰਡਾਂ ਦੀ ਪਾਲਣਾ ਦੇ ਤਾਬੇ ਅਤੇ ਅਜਿਹੀ ਰਾਜ਼ੀਨਾਮਾ ਫ਼ੀਸ ਦੀ ਅਦਾਇਗੀ ਤੇ, ਚਾਰਦੀਵਾਰੀ ਵਾਲੇ ਸ਼ਹਿਰ ਦੀ ਖ਼ਾਸ ਸਥਿਤੀ ਦੇ ਆਧਾਰ ਤੇ ਰਾਜ ਸਰਕਾਰ ਦੁਆਰਾ ਮੁਕੱਰਰ ਕੀਤੇ ਅਨੁਸਾਰ, ਨਿਪਟਾਈਆਂ ਜਾਣਗੀਆਂ।

(2) ਬਿਨੈਕਾਰ ਨੂੰ ਫ਼ਾਰਮ 'ਅ' ਵਿੱਚ ਵੇਰਵੇ ਪੇਸ਼ ਕਰਨ ਦੀ ਤਰੀਕ ਤੋਂ ਨੱਬੇ ਦਿਨਾਂ ਦੀ ਮੁੱਦਤ ਦੇ ਅੰਦਰ ਇਮਾਰਤ ਨੂੰ ਮੁਕੱਰਰ ਮਾਪਦੰਡਾਂ ਦੀ ਅਨੁਰੂਪਤਾ ਵਿੱਚ ਲਿਆਉਣ ਲਈ ਲੋੜ ਪੈਣ 'ਤੇ ਉਸ ਵਿੱਚ ਬਣਤਰੀ ਬਦਲਾਅ ਕਰਨੇ ਪੈਣਗੇ ਅਤੇ ਜੇ ਲੋੜੀਂਦਾ ਹੋਵੇ, ਤਾਂ ਹੋਰ ਵਿਭਾਗ/ਅਥਾਰਟੀਆਂ ਤੋਂ ਲਾਜ਼ਮੀ ਨਿਕਾਸੀਆਂ ਵੀ ਪੇਸ਼ ਕਰੇਗਾ।

(3) ਜੇਕਰ ਅਜਿਹਾ ਮਾਲਕ/ਬਿਨੈਕਾਰ ਮੁਕੱਰਰ ਮਾਪਦੰਡਾਂ ਦੀ ਪਾਲਣਾ ਨਹੀਂ ਕਰਦਾ ਹੈ, ਤਾਂ ਤੀਹ ਦਿਨਾਂ ਦਾ ਨੋਟਿਸ ਦੇਣ ਤੋਂ ਬਾਅਦ ਪੂਰੇ ਵਪਾਰਕ ਸਥਾਪਨਾ ਦੇ ਪਾਣੀ ਦੀ ਸਪਲਾਈ/ਗੰਦੇ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ, ਜਿਸ ਤੋਂ ਬਾਅਦ ਇਹ ਸੀਲ ਕਰ ਦਿੱਤਾ ਜਾਵੇਗਾ।

ਕਾਰਵਾਈ ਨੂੰ ਅੰਤਿਮ ਰੂਪ ਦੇਣ ਲਈ ਸਮੇਂ ਦੀ ਸੀਮਾ।

5. ਸ਼ਕਤਵਾਨ ਅਥਾਰਟੀ, ਅੰਮ੍ਰਿਤਸਰ ਚਾਰਦੀਵਾਰੀ ਵਾਲਾ ਸ਼ਹਿਰ (ਵਰਤੋਂ ਦੀ ਮਾਨਤਾ) ਸੋਧ ਐਕਟ, 2019 ਦੇ ਨਾਫ਼ਜ਼ ਹੋਣ ਦੀ ਤਰੀਕ ਤੋਂ ਇੱਕ ਸਾਲ ਦੀ ਮੁੱਦਤ ਦੇ ਅੰਦਰ ਇਸ ਐਕਟ ਦੇ ਅਧੀਨ ਅੰਤਮ ਹੁਕਮ ਪਾਸ ਕਰੇਗੀ ਅਤੇ ਮਾਮਲੇ ਨੂੰ ਅੰਤਮ ਰੂਪ ਦੇਵੇਗੀ।

ਵਰਤੋਂ ਦੀ ਮਾਨਤਾ 'ਤੇ ਪਾਬੰਦੀਆਂ।

6. (1) ਕਿਸੇ ਇਮਾਰਤ ਦੀ ਖ਼ਿਲਾਫ਼ਵਰਜ਼ੀ ਦੀ ਸੂਰਤ ਵਿੱਚ, ਕਿਸੇ ਵੀ ਵਰਤੋਂ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ ਜੇ ਇਸ ਵਿੱਚ ਕਿਸੇ ਜਨਤਕ ਜਾਂ ਪ੍ਰਾਈਵੇਟ ਭੋਂ 'ਤੇ ਨਾਜਾਇਜ਼ ਕਬਜ਼ਾ ਪਲਚਤ ਹੋਵੇ।

(2) ਇੱਕ ਵਾਰ ਦੀ ਮਾਨਤਾ ਨਗਰਪਾਲਕ ਨਿਗਮ, ਅੰਮ੍ਰਿਤਸਰ ਦੇ ਸਬੰਧਤ ਅਧਿਕਾਰੀ ਅਤੇ ਕਰਮਚਾਰੀ ਦੇ ਵਿਰੁੱਧ ਕੀਤੀ ਜਾ ਸਕਣ ਵਾਲੀ ਅਨੁਸ਼ਾਸਨੀ ਕਾਰਵਾਈ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨ੍ਹਾਂ ਹੋਵੇਗੀ ਜੋ ਅਜਿਹੀ ਵਰਤੋਂ ਅਤੇ ਇਮਾਰਤੀ ਖ਼ਿਲਾਫ਼ਵਰਜ਼ੀਆਂ ਵਿੱਚ ਸਹਾਇਤਾ ਕਰਨ ਜਾਂ ਉਕਸਾਉਣ ਲਈ ਜ਼ਿੰਮੇਵਾਰ ਪਾਇਆ ਜਾਂਦਾ ਹੈ।

ਪਰਮ ਪ੍ਰਭਾਵ।

7. ਪੰਜਾਬ ਨਗਰਪਾਲਕ ਨਿਗਮ ਐਕਟ, 1976 ਅਤੇ ਇਸ ਅਧੀਨ ਬਣਾਏ ਗਏ ਨਿਯਮਾਂ, ਵਿਨਿਯਮਾਂ ਅਤੇ ਇਮਾਰਤ ਉਪ-ਕਾਨੂੰਨਾਂ ਵਿੱਚ ਦਰਜ ਕਿਸੇ ਵੀ ਅਸੰਗਤ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧ ਪਰਮ ਪ੍ਰਭਾਵੀ ਹੋਣਗੇ।

## ਫਾਰਮ 'ੳ'

[ਧਾਰਾ 3(1) ਵੇਖੋ]

## ਇਮਾਰਤੀ ਖ਼ਿਲਾਫ਼ਵਰਜੀਆਂ ਅਤੇ ਵਰਤੋਂ ਦੀ ਮਾਨਤਾ ਲਈ ਦਰਖ਼ਾਸਤ ਫ਼ਾਰਮ

ਸੇਵਾ ਵਿਖੇ

ਕਮਿਸ਼ਨਰ,

ਨਗਰਪਾਲਕ ਨਿਗਮ, ਅੰਮ੍ਰਿਤਸਰ।

- ਮੈਂ/ਅਸੀਂ ਸ਼ਕਤਵਾਨ ਅਥਾਰਟੀ ਤੋਂ ਮਨਜ਼ੂਰੀ ਲਏ ਬਿਨ੍ਹਾਂ ............ ਪਹਿਲਾਂ ਇੱਕ ਵਪਾਰਕ/ਹੋਟਲ ਇਮਾਰਤ ਬਣਾਈ ਹੈ ਜਾਂ ਮੌਜੂਦਾ ਇਮਾਰਤ ਵਿੱਚ ਬਦਲੀ/ਵਾਧਾ ਕੀਤਾ ਹੈ।
- ਮੈਂ/ਅਸੀਂ ਮੌਜੂਦਾ ਇਮਾਰਤ ਦੀ ਉਸਾਰੀ ਜਾਂ ਪੁਨਰ ਨਿਰਮਾਣ ਜਾਂ ਵਾਧੇ ਜਾਂ ਬਦਲੀ ਲਈ ਪਰਮਿਟ ਨੰਬਰ .............. ਤਰੀਕ ................. ਰਾਹੀਂ ਮਨਜ਼ੂਰੀ ਪ੍ਰਾਪਤ ਕਰ ਲਈ ਹੈ ਅਤੇ ਮਨਜ਼ੂਰ ਕੀਤੀ ਯੋਜਨਾਵਾਂ ਨੂੰ ਲਾਂਭੇ ਰੱਖ ਕੇ ਉਸਾਰੀ ਕੀਤੀ ਹੈ।

ਉਕਤ ਇਮਾਰਤ ਦੇ ਵੇਰਵੇ ਹੇਠ-ਲਿਖੇ ਅਨੁਸਾਰ ਹਨ:-

| | | | |
|---|---|---|---|
| ੳ) | ਇਮਾਰਤ ਦੇ ਮਾਲਕ (ਕਾਂ) ਦਾ ਨਾਂ | | |
| ਅ) | ਪੁੱਛ ਅਧੀਨ ਸੰਪੱਤੀ ਦਾ ਪਤਾ | ਸੰਪੱਤੀ ਨੰ: | |
| | | ਬਲਾਕ ਨੰਬਰ/ਗਲੀ | |
| | | ਵਾਰਡ ਨੰ:/ਇਲਾਕਾ | |
| ੲ) | ਇਮਾਰਤ ਦਾ ਵੇਰਵਾ | ਇਮਾਰਤ ਦੀ ਵਰਤੋਂ | |
| | | ਪਲਾਟ ਖੇਤਰ | |
| | | ਮੰਜ਼ਿਲਾਂ ਦੀ ਗਿਣਤੀ | |
| ਸ) | ਉਸਾਰੀ ਦੀ ਤਰੀਕ/ਸਾਲ | | |

1. ਮੈਨੂੰ/ਸਾਨੂੰ ਅਹਿਸਾਸ ਹੈ ਕਿ ਇਸ ਤਰ੍ਹਾਂ ਕੀਤੀ ਗਈ ਉਸਾਰੀ ਪੰਜਾਬ ਨਗਰਪਾਲਕ ਨਿਗਮ ਐਕਟ, 1976 ਅਤੇ/ਜਾਂ ਇਸ ਦੇ ਅਧੀਨ ਬਣਾਏ ਗਏ ਇਮਾਰਤ ਉਪ-ਕਾਨੂੰਨਾਂ ਦੇ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਹੈ।
2. ਮੈਂ/ਅਸੀਂ ਇਸ ਦੁਆਰਾ ਬੇਨਤੀ ਕਰਦੇ ਹਾਂ ਕਿ ਉਕਤ ਇਮਾਰਤ ਨੂੰ ਅੰਮ੍ਰਿਤਸਰ ਚਾਰਦੀਵਾਰੀ ਵਾਲਾ ਸ਼ਹਿਰ (ਵਰਤੋਂ ਦੀ ਮਾਨਤਾ) ਐਕਟ, 2016 ਦੇ ਉਪਬੰਧਾਂ ਦੇ ਨਿਬੰਧਨਾਂ ਅਨੁਸਾਰ ਵਰਤੋਂ ਦੀ ਮਾਨਤਾ ਲਈ ਵਿਚਾਰਿਆ ਜਾਵੇ।

3. ਮੈਂ/ਅਸੀਂ ਐਲਾਨ ਕਰਦੇ ਹਾਂ ਕਿ ਇਮਾਰਤ ਕਿਸੇ ਵੀ ਸਕੀਮ ਦੇ ਆਧਾਰ 'ਤੇ ਕਿਸੇ ਵੀ ਜਨਤਕ/ਪ੍ਰਾਈਵੇਟ ਭੋਂ ਜਾਂ ਜਨਤਕ ਜਗ੍ਹਾ 'ਤੇ ਨਾਜਾਇਜ਼ ਕਬਜ਼ਾ ਨਹੀਂ ਕਰਦੀ।

4. ਮੈਂ/ਅਸੀਂ ਐਲਾਨ ਕਰਦੇ ਹਾਂ ਕਿ ਨਾ ਤਾਂ ਇਸ ਦੀ ਮਲਕੀਅਤ ਜਾਂ ਉਸਾਰੀ ਸਬੰਧੀ ਕੋਈ ਝਗੜਾ ਕਿਸੇ ਵੀ ਅਦਾਲਤ, ਅਥਾਰਟੀ/ਵਿਭਾਗ ਜਾਂ ਕਿਸੇ ਵਿਅਕਤੀ ਨਾਲ ਲੰਬਿਤ ਨਹੀਂ ਹੈ ਅਤੇ ਨਾ ਹੀ ਕਿਸੇ ਵੀ ਅਦਾਲਤ ਜਾਂ ਅਥਾਰਟੀ/ਵਿਭਾਗ ਦੁਆਰਾ ਭੋਂ/ਪਲਾਟ ਜਾਂ ਇਮਾਰਤ ਨਾਲ ਸਬੰਧਤ ਜਾਂ ਇਸ ਦੇ ਹਵਾਲੇ ਵਿੱਚ ਕੋਈ ਪ੍ਰਤੀਕੂਲ ਹੁਕਮ ਪਾਸ ਕੀਤੇ ਗਏ ਹਨ।

5. ਮੈਂ/ਅਸੀਂ ਉਨ੍ਹਾਂ ਸਾਰੀਆਂ ਸ਼ਰਤਾਂ ਦੀ ਪਾਲਣਾ ਅਤੇ ਮੰਨਣ ਦਾ ਵੀ ਜ਼ਿੰਮਾ ਲੈਂਦੇ ਹਾਂ ਜਿਹੜੀਆਂ ਉਪਰੋਕਤ ਇਮਾਰਤ ਵਿੱਚ ਵਰਤੋਂ ਨੂੰ ਮਾਨਤਾ ਦਿੰਦੇ ਸਮੇਂ ਅਰੋਪੀਆਂ ਜਾ ਸਕਦੀਆਂ ਹਨ।

6. ਮੈਂ/ਅਸੀਂ ਸੱਚੇ ਦਿਲੋਂ ਪ੍ਰਤਿੱਗਿਆ ਅਤੇ ਐਲਾਨ ਕਰਦੇ ਹਾਂ ਕਿ ਉਪਰੋਕਤ ਸੂਚਨਾ ਮੇਰੇ/ਸਾਡੇ ਗਿਆਨ/ਵਿਸ਼ਵਾਸ ਦੇ ਅਨੁਸਾਰ ਸੱਚੀ/ਸਹੀ ਹੈ।

7. ਇਮਾਰਤ ਦੀ ਉਚਾਈ ਨੂੰ ਸਾਰੇ ਪਾਸਿਆਂ ਤੋਂ ਦਿਖਾਉਣ ਵਾਲੀਆਂ ਤਸਵੀਰਾਂ ਨੱਥੀ ਕੀਤੀਆਂ ਗਈਆਂ ਹਨ।

ਤੁਹਾਡਾ ਵਫ਼ਾਦਾਰ,

(ਦਰਖ਼ਾਸਤਕਾਰ ਦੇ ਦਸਖ਼ਤ/ਅੰਗੂਠੇ ਦਾ ਨਿਸ਼ਾਨ
ਪੇਸ਼ ਕਰਨ ਦੀ ਤਰੀਕ ਅਤੇ ਪਤੇ ਦੇ ਨਾਲ)

**ਫਾਰਮ 'ਅ'**

**[ਧਾਰਾ 3(2) ਵੇਖੋ]**

**ਇਮਾਰਤੀ ਖ਼ਿਲਾਫ਼ਵਰਜੀਆਂ ਅਤੇ ਵਰਤੋਂ ਦੀ ਮਾਨਤਾ ਲਈ ਦਰਖ਼ਾਸਤ ਫ਼ਾਰਮ**

ਸੇਵਾ ਵਿਖੇ

ਕਮਿਸ਼ਨਰ,
ਨਗਰਪਾਲਕ ਨਿਗਮ,
ਅੰਮ੍ਰਿਤਸਰ।

ਸ਼੍ਰੀਮਾਨ ਜੀ,

ਫਾਰਮ 'ੳ' ਵਿੱਚ ਇਮਾਰਤੀ ਖ਼ਿਲਾਫ਼ਵਰਜ਼ੀਆਂ ਅਤੇ ਵਰਤੋਂ ਦੀ ਮਾਨਤਾ ਲਈ ਮੇਰੀ ਦਰਖ਼ਾਸਤ ਦੀ ਲਗਾਤਾਰਤਾ ਵਿੱਚ, ਜੋ ਕਿ ਨੰਬਰ................ ਤਰੀਕ .................. ਰਾਹੀਂ ਪੇਸ਼ ਕੀਤੀ ਗਈ ਹੈ, ਮੈਂ ਇਸ ਦੁਆਰਾ ਅੰਮ੍ਰਿਤਸਰ ਚਾਰਦੀਵਾਰੀ ਵਾਲਾ ਸ਼ਹਿਰ (ਵਰਤੋਂ ਦੀ ਮਾਨਤਾ) ਐਕਟ, 2016 ਦੀ ਧਾਰਾ 3 ਦੀ ਉਪ-ਧਾਰਾ (2) ਦੇ ਅਧੀਨ ਲੋੜੀਂਦੇ ਵੇਰਵੇ/ਦਸਤਾਵੇਜ਼/ਯੋਜਨਾਵਾਂ ਪੇਸ਼ ਕਰਦਾ ਹਾਂ।

| | | | | | | |
|---|---|---|---|---|---|---|
| ੳ) | ਵਪਾਰਕ ਸਥਾਪਨਾ ਦੇ ਮਾਲਕ(ਕਾਂ) ਦੇ ਨਾਂ | | | | | |
| ਅ) | ਪੁੱਛ ਅਧੀਨ ਸੰਪੱਤੀ ਦਾ ਪਤਾ | | | ਸੰਪੱਤੀ ਨੰ: | | |
| | | | | ਬਲਾਕ ਨੰਬਰ/ਗਲੀ | | |
| | | | | ਵਾਰਡ ਨੰ:/ਇਲਾਕਾ | | |
| ੲ) | ਵਪਾਰਕ ਸਥਾਪਨਾ ਦੇ ਵੇਰਵੇ | | | | | |
| | ੳ) | ਪਲਾਟ ਖੇਤਰ | | | | |
| | ਅ) | ਮੰਜ਼ਿਲਾਂ ਦੀ ਗਿਣਤੀ | | | | |
| | ੲ) | ਮੰਜ਼ਿਲ ਅਨੁਸਾਰ ਖੇਤਰ | | ਵਰਤੋਂ | ਕੁੱਲ ਖੇਤਰ | ਰਾਜ਼ੀਨਾਮੇ ਅਯੋਗ ਖੇਤਰ |
| | | (i) | ਭੋਰਾ | | | |
| | | (ii) | ਜ਼ਮੀਨੀ ਮੰਜ਼ਿਲ | | | |
| | | (iii) | ਪਹਿਲੀ ਮੰਜ਼ਿਲ | | | |
| | | (iv) | ਦੂਜੀ ਮੰਜ਼ਿਲ | | | |
| | | (v) | ਤੀਜੀ ਮੰਜ਼ਿਲ | | | |

| | | | | | | |
|---|---|---|---|---|---|---|
| | | (vi) | ਚੌਥੀ ਮੰਜ਼ਿਲ | | | |
| | | | | | | |
| | | | | | | |
| | | ਕੁੱਲ ਖੇਤਰ | | | | |
| | | | | ਇਜਾਜ਼ਤਯੋਗ/ ਲੋੜੀਂਦਾ | ਜਗ੍ਹਾ ਦੇ ਅਨੁਸਾਰ | ਰਾਜ਼ੀਨਾਮੇ ਅਯੋਗ |
| | ਸ) | ਐੱਫਏਆਰ | | | | |
| | ਹ) | ਉਚਾਈ | | | | |
| | ਕ) | ਖ਼ਾਲੀ ਜਗ੍ਹਾ | | | | |
| | | ਸਾਹਮਣੇ | | | | |
| | | ਪਾਸਾ–I | | | | |
| | | ਪਾਸਾ– II | | | | |
| | | ਪਿਛਲਾ | | | | |
| | | ਗੱਡੀਆਂ ਖੜ੍ਹੇ ਕਰਨ ਦਾ ਸਥਾਨ | | | | |

2. ਮਾਲਕ ਦੁਆਰਾ ਦਿੱਤੇ ਜਾਣ ਵਾਲੇ ਵਲਗਣਾਂ ਦੀ ਮਿਲਾਨ–ਸੂਚੀ:–

ੳ) ਮਲਕੀਅਤ ਦਸਤਾਵੇਜ਼ ਦੀ ਨਕਲ;

ਅ) ਪ੍ਰਵਾਨ ਕੀਤੀ ਗਈ ਇਮਾਰਤ ਯੋਜਨਾ ਦੀ ਨਕਲ, ਜੇ ਕੋਈ ਹੋਵੇ;

ੲ) ਬਣਤਰੀ ਇੰਜੀਨੀਅਰ ਦੁਆਰਾ ਦਿੱਤਾ ਗਿਆ ਬਣਤਰੀ ਸੁਰੱਖਿਅਤਾ ਸਰਟੀਫਿਕੇਟ;

ਸ) ਅੱਗ ਸੁਰੱਖਿਅਤਾ ਸਰਟੀਫਿਕੇਟ, ਜੇ ਲਾਗੂ ਹੋਵੇ;

ਹ) ਸਥਾਨ ਯੋਜਨਾ, ਜਗ੍ਹਾ ਯੋਜਨਾ, ਮੰਜ਼ਿਲ ਯੋਜਨਾਵਾਂ, ਵਪਾਰਕ ਸਥਾਪਨਾ ਦੀ ਉਚਾਈ ਅਤੇ ਭਾਗ, ਸੇਵਾ ਯੋਜਨਾਵਾਂ ਅਤੇ ਵਿਸ਼ੇਸ਼ਤਾਵਾਂ ਦੀਆਂ ਹਰੇਕ ਚਾਰ ਨਕਲਾਂ ਜਿਵੇਂ ਇਮਾਰਤ ਉਪ–ਕਾਨੂੰਨਾਂ ਵਿੱਚ ਉਪਬੰਧਤ ਹੋਵੇ, ਮਾਲਕ ਅਤੇ ਭਵਨ ਨਿਰਮਾਣਕਾਰ/ਇਮਾਰਤੀ ਰੂਪ–ਰੇਖਾਕਾਰ ਦੁਆਰਾ ਮੁਕੱਰਰ ਫਾਰਮੈਟ ਵਿੱਚ ਠੀਕ ਤਰ੍ਹਾਂ ਦਸਖ਼ਤ ਕੀਤੇ ਅਤੇ ਪ੍ਰਮਾਣਿਤ ਕੀਤੇ ਗਏ ਹਨ।

(ਨੋਟ:– ਰੇਖਾ–ਚਿੱਤਰਾਂ/ਯੋਜਨਾਵਾਂ ਵਿੱਚ ਰਾਜ਼ੀਨਾਮੇ ਅਯੋਗ ਖ਼ਿਲਾਫ਼ਵਰਜ਼ੀਆਂ ਨੂੰ ਲਾਲ ਰੰਗ ਵਿੱਚ ਦਰਸਾਇਆ ਜਾਵੇਗਾ ਅਤੇ ਸਾਰੇ ਰੇਖਾ–ਚਿੱਤਰਾਂ/ਯੋਜਨਾਵਾਂ ਮਾਲਕ ਅਤੇ ਭਵਨ ਨਿਰਮਾਣਕਾਰ/ਇਮਾਰਤੀ ਰੂਪ–ਰੇਖਾਕਾਰ ਦੁਆਰਾ ਠੀਕ ਤੌਰ ਤੇ ਦਸਤਖ਼ਤ ਅਤੇ ਪ੍ਰਮਾਣਿਤ ਕੀਤੇ ਜਾਣਗੇ ਕਿ ਉਸਾਰੀਆਂ ਨਿਯਤ ਤਰੀਕ ਨੂੰ ਜਾਂ ਇਸ ਤੋਂ ਪਹਿਲਾਂ


ਖੜ੍ਹੀਆਂ ਕੀਤੀਆਂ ਗਈਆਂ ਹਨ ਅਤੇ ਸਾਰੇ ਵੇਰਵੇ/ਮਾਪ ਜਗ੍ਹਾ ਤੇ ਮੌਜੂਦ ਉਸਾਰੀ ਦੇ ਅਨੁਸਾਰ ਹਨ। )

ਤੁਹਾਡਾ ਵਫ਼ਾਦਾਰ,

(ਦਰਖ਼ਾਸਤਕਾਰ ਦੇ ਦਸਖ਼ਤ/ਅੰਗੂਠੇ ਦਾ ਨਿਸ਼ਾਨ
ਜਮ੍ਹਾਂ ਕਰਨ ਦੀ ਤਰੀਕ ਨਾਲ)

**ਅਨੁਸੂਚੀ**

[ਧਾਰਾ 2(1)(**i**) ਵੇਖੋ]




**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3496/9-2025/Pb. Govt. Press, S.A.S. Nagar*